## ਅਧਿਆਇ 34

# ਪਰਮੇਸ਼ੁਰ ਬਾਰੇ ਅਲੀਹੂ ਦੇ ਵਿਚਾਰ

## (ਭਾਗ 2)

34 ਅਧਿਆਇ ਵਿਚ, ਅਲੀਹੂ ਨੇ ਅੱਯੂਬ ਦੁਆਰਾ ਲਗਾਏ ਗਏ ਦੋਸ਼ਾਂ ਵਿਰੁੱਧ ਪਰਮੇਸ਼ੁਰ ਦੇ ਚਰਿੱਤਰ ਅਤੇ ਸਨਮਾਨ ਦੀ ਰੱਖਿਆ ਕੀਤੀ। ਪਹਿਲਾਂ, ਉਸ ਨੇ ਬੁੱਧਵਾਨਾਂ ਨੂੰ ਸਹੀ ਦੀ ਚੋਣ ਕਰਨ ਦੀ ਬੇਨਤੀ ਕੀਤੀ (34:1-9)। ਫਿਰ ਉਸ ਨੇ ਐਲਾਨ ਕੀਤਾ ਕਿ ਪਰਮੇਸ਼ੁਰ ਦੁਸ਼ਟਪੁਣਾ ਨਹੀਂ ਕਰੇਗਾ (34:10-15)। ਉਸ ਨੇ ਕਿਹਾ ਕਿ ਪਰਮੇਸ਼ੁਰ ਪੱਖਪਾਤ ਨਹੀਂ ਕਰਦਾ (34:16-20) ਅਤੇ ਉਸ ਨੂੰ ਸਰਬ-ਗਿਆਨੀ ਵੀ ਕਿਹਾ (34:21-30)। ਅੰਤ ਵਿਚ, ਉਸ ਨੇ ਅੱਯੂਬ ਉੱਤੇ ਆਪਣੇ ਪਾਪ ਵਿਚ ਬਗਾਵਤ ਜੋੜਨ ਦਾ ਦੋਸ਼ ਲਾਇਆ (34:31-37)। ਐੱਚ. ਐੱਚ. ਰਾਉਲੀ ਨੇ ਕਿਹਾ,

> ਅੱਯੂਬ ਦੀ ਖਾਸ ਸਥਿਤੀ ਨੂੰ ਨਜ਼ਰਅੰਦਾਜ਼ ਕਰਨ ਦੇ ਲਈ ਉਹ ਸਮਾਨਤਾਵਾਂ ਵਿਚ ਕੰਮ ਕਰਦਾ ਹੈ ਅਤੇ ਜਦੋਂ ਅੱਯੂਬ ਨੇ ਖਾਸ ਤੋਂ ਆਮ ਤੱਕ, ਆਪਣੇ ਖੁਦ ਦੇ ਮਾਮਲੇ ਤੋਂ, ਪਰਮੇਸ਼ੁਰ ਦੇ ਚਰਿੱਤਰ ਦੀ ਦਲੀਲ ਦਿੱਤੀ ਅਤੇ ਫਿਰ ਆਪਣੇ ਚਾਰੇ ਪਾਸੇ ਦੂਜਿਆਂ ਦੇ ਦੁਆਰਾ ਕੀਤੇ ਗਏ ਅਨਿਆਂ ਦੀ ਪੁਸ਼ਟੀ ਕੀਤੀ, ਅਲੀਹੂ ਆਪਣੇ ਅਧਿਆਤਮਿਕ ਸ਼ਾਸਤਰ ਦੀ ਆਮ ਧਾਰਣਾ ਨੂੰ ਮੰਨਦਾ ਸੀ ਅਤੇ ਇਸ ਤੋਂ ਅੱਯੂਬ ਦੇ ਪਾਪ ਦਾ ਸਿੱਟਾ ਕੱਢਿਆ।[1]

## "ਉਹੀ ਚੁਣੋ ਜੋ ਠੀਕ ਹੈ" (34:1-9)

**1ਤਾਂ ਅਲੀਹੂ ਨੇ ਉੱਤਰ ਦੇ ਕੇ ਆਖਿਆ, 2ਮੇਰੀਆਂ ਗੱਲਾਂ ਸੁਣੋ, ਹੇ ਬੁੱਧਵਾਨੋ, ਤੁਸੀਂ
ਜਿਹੜੇ ਜਾਣਦੇ ਹੋ, ਮੇਰੀ ਵੱਲ ਕੰਨ ਲਾਓ। 3ਕਿਉਂ ਜੋ ਕੰਨ ਗੱਲਾਂ ਨੂੰ ਪਰਖਦੇ ਹਨ, ਜਿਵੇਂ
ਤਾਲੂ ਭੋਜਨ ਦੇ ਸੁਆਦ ਨੂੰ। 4ਜੋ ਠੀਕ ਹੈ ਅਸੀਂ ਆਪਣੇ ਲਈ ਚੁਣ ਲਈਏ, ਅਤੇ ਜੋ ਚੰਗਾ
ਹੈ ਅਸੀਂ ਆਪਣੇ ਵਿੱਚ ਜਾਣ ਲਈਏ। 5ਕਿਉਂ ਜੋ ਅੱਯੂਬ ਨੇ ਆਖਿਆ ਹੈ ਕਿ ਮੈਂ ਧਰਮੀ ਹਾਂ,
ਅਤੇ ਪਰਮੇਸ਼ੁਰ ਨੇ ਮੇਰਾ ਨਿਆਉਂ ਇੱਕ ਤਰਫ਼ਾ ਕੀਤਾ ਹੈ। 6ਭਾਵੇਂ ਮੈਂ ਧਰਮ ਉੱਤੇ ਹਾਂ ਪਰ
ਝੂਠਾ ਠਹਿਰਦਾ ਹਾਂ, ਮੇਰਾ ਜ਼ਖ਼ਮ ਬੇਇਲਾਜਾ ਹੈ ਭਾਵੇਂ ਮੈਂ ਨਿਰਅਪਰਾਧ ਹੀ ਹਾਂ। 7ਅੱਯੂਬ
ਵਰਗਾ ਮਰਦ ਕੌਣ ਹੈਗਾ, ਜਿਹੜਾ ਠੱਠਿਆਂ ਨੂੰ ਪਾਣੀ ਵਾਂਙੁ ਪੀਂਦਾ ਹੈ, 8ਅਤੇ ਕੁਕਰਮੀਆਂ
ਦੀ ਸੰਗਤ ਵਿੱਚ ਚੱਲਦਾ, ਅਤੇ ਦੁਸ਼ਟ ਮਨੁੱਖਾਂ ਨਾਲ ਫਿਰਦਾ ਹੈ? 9ਕਿਉਂ ਜੋ ਉਸ ਆਖਿਆ
ਹੈ ਕਿ ਮਰਦ ਨੂੰ ਕੋਈ ਲਾਭ ਨਹੀਂ ਕਿ ਉਹ ਪਰਮੇਸ਼ੁਰ ਨਾਲ ਮਗਨ ਰਹੇ।**

**ਆਇਤ 1.** ਕਿਉਂਕਿ ਅੱਯੂਬ ਨੇ ਕੋਈ ਉੱਤਰ ਨਹੀਂ ਦਿੱਤਾ ਸੀ (33:32, 33), ਤਾਂ **ਅਲੀਹੂ ਨੇ ਉੱਤਰ ਦੇ ਕੇ** ਆਪਣੀਆਂ ਗੱਲਾਂ ਨੂੰ ਜਾਰੀ ਰੱਖਿਆ। ਉਹ ਨੌਜਵਾਨ ਜੋ "ਗੱਲਾਂ ਨਾਲ ਭਰਿਆ ਹੋਇਆ" ਸੀ (32:18) ਉਸ ਦੇ ਕੋਲ ਕਹਿਣ ਦੇ ਲਈ ਹੋਰ ਬਹੁਤ ਕੁਝ ਸੀ।

**ਆਇਤ 2.** ਕੁਝ ਲੋਕ ਸਮਝਦੇ ਹਨ ਕਿ ਅਲੀਹੂ ਨੇ ਜਿਨ੍ਹਾਂ **ਬੁੱਧਵਾਨਾਂ** ਦਾ ਹਵਾਲਾ ਦਿੱਤਾ

ਉਹ ਅੱਯੂਬ ਅਤੇ ਤਿੰਨ ਮਿੱਤਰ ਹਨ।[2] ਜੇਕਰ ਅਜਿਹਾ ਹੈ, ਤਾਂ ਇਹ ਅਹੁਦਾ ਅੱਯੂਬ ਦੀ ਪੁਸਤਕ ਵਿਚ ਵਿਅੰਗ ਦੀ ਇਕ ਉਦਾਹਰਣ ਹੈ। "ਵਿਅੰਗਾਤਮਕਤਾ ਉਨ੍ਹਾਂ ਸ਼ਬਦਾਂ ਦਾ ਇਸਤੇਮਾਲ ਹੁੰਦਾ ਹੈ ਜਿਨ੍ਹਾਂ ਦਾ ਇਰਾਦਤਨ ਅਰਥ ਉਨ੍ਹਾਂ ਦੇ ਸ਼ਾਬਦਿਕ ਅਰਥ ਦੇ ਉਲਟ ਹੁੰਦਾ ਹੈ।"[3] ਪਰ, "ਬੁੱਧਵਾਨੋ" ਭਾਸ਼ਣ ਸੁਣਨ ਦੇ ਲਈ ਇਕੱਠੇ ਹੋਏ ਵਿਸ਼ਾਲ ਸਰੋਤਿਆਂ ਦਾ ਹਵਾਲਾ ਵੀ ਹੋ ਸਕਦਾ ਹੈ। ਇਹ ਦੂਸਰਾ ਵਿਚਾਰ ਸਹੀ ਜਾਪਦਾ ਹੈ ਕਿਉਂਕਿ ਅਲੀਹੂ ਨੇ ਸਾਰੇ ਅਧਿਆਇ ਵਿਚ ਬੁੱਧਵਾਨਾਂ ਨੂੰ ਸੰਬੋਧਨ ਕਰਨਾ ਜਾਰੀ ਰੱਖਿਆ (34:10, 34)।

**ਆਇਤ 3. ਕਿਉਂ ਜੋ ਕੰਨ ਗੱਲਾਂ ਨੂੰ ਪਰਖਦੇ ਹਨ, ਜਿਵੇਂ ਤਾਲੂ ਭੋਜਨ ਦੇ ਸੁਆਦ ਨੂੰ।** ਇਹ ਲਗਭਗ ਉਸੇ ਪ੍ਰਸ਼ਨ ਦੀ ਤਰ੍ਹਾਂ ਹੀ ਹੈ ਜਿਵੇਂ ਅੱਯੂਬ 12:11 ਵਿਚ ਪੁੱਛਿਆ ਗਿਆ ਹੈ: "ਭਲਾ, ਕੰਨ ਗੱਲਾਂ ਨੂੰ ਪਰਖ ਨਹੀਂ ਲੈਂਦਾ, ਜਿਵੇਂ ਤਾਲੂ ਆਪਣੇ ਖਾਣੇ ਦਾ ਸੁਆਦ ਚੱਖ ਲੈਂਦਾ ਹੈ?" ਦੋਵਾਂ ਉਦਾਹਰਣਾਂ ਵਿਚ ਬਣਾਇਆ ਜਾ ਰਿਹਾ ਨੁਕਤਾ ਇੱਕੋ ਜਿਹਾ ਹੈ। ਜਿਵੇਂ ਅਸੀਂ ਆਪਣੀ ਜੀਭ ਨਾਲ ਸੁਆਦ ਇੰਦਰੀਆਂ ਦੇ ਰਾਹੀਂ ਚੰਗੇ ਅਤੇ ਬੁਰੇ ਵਿਚ ਅੰਤਰ ਕਰਨ ਦੇ ਯੋਗ ਹੁੰਦੇ ਹਾਂ, ਉਸੇ ਤਰ੍ਹਾਂ ਸਾਡਾ ਕੰਨ ਮੂਰਖਤਾ ਅਤੇ ਬੁੱਧੀਮਾਨੀ ਦੀਆਂ ਗੱਲਾਂ ਅਤੇ ਸੱਚੀਆਂ ਅਤੇ ਝੂਠੀਆਂ ਘੋਸ਼ਣਾਵਾਂ ਵਿਚ ਅੰਤਰ ਕਰਨ ਦੇ ਯੋਗ ਹੁੰਦੇ ਹਨ।

**ਆਇਤ 4. ਜੋ ਠੀਕ ਹੈ ਅਸੀਂ ਆਪਣੇ ਲਈ ਚੁਣ ਲਈਏ।** ਕਿਰਿਆ "ਚੁਣ" (בָּחַר, *ਬਚਾਰ)* ਤੱਥਾਂ ਦੀ ਧਿਆਨ ਨਾਲ ਜਾਂਚ ਅਤੇ ਵਿਸ਼ਲੇਸ਼ਣ ਤੋਂ ਬਾਅਦ ਫੈਸਲੇ ਲੈਣ ਨੂੰ ਦਰਸਾਉਂਦੀ ਹੈ। "*ਠੀਕ* [מִשְׁפָּט, *ਮਿਸ਼ਪਤ]* ਦਾ ਅਰਥ ਹੈ, ਜੋ ਕਾਨੂਨੀ ਤੌਰ ਤੇ ਸਹੀ ਅਤੇ ਚੰਗਾ ਹੈ [טוֹב, *ਟੋਬ]* ਜੋ ਨੈਤਿਕ ਤੌਰ ਤੇ ਸਹੀ ਹੈ।"[4]

**ਆਇਤਾਂ 5, 6.** ਅਲੀਹੂ ਨੇ ਅੱਯੂਬ ਦਾ ਹਵਾਲਾ ਦਿੰਦੇ ਹੋਏ ਇਕ ਵਾਰ ਫਿਰ ਆਪਣੀ ਚਰਚਾ ਨੂੰ ਸ਼ੁਰੂ ਕੀਤਾ। ਇਸ ਵਾਰ ਉਸ ਨੇ **ਅੱਯੂਬ** ਦੀ ਸ਼ਿਕਾਇਤ ਨੂੰ ਸੰਖੇਪ ਵਿਚ ਪੇਸ਼ ਕੀਤਾ। ਅੱਯੂਬ ਨੇ ਪੁਸ਼ਟੀ ਕੀਤੀ ਕਿ ਉਹ **ਧਰਮੀ** ਹੈ (צָדַק, *ਸਾਦਕ*; 9:15, 20; 10:15; 13:18) - ਅਤੇ, ਅਲੀਹੂ ਦੇ ਨਾ ਜਾਣਦੇ ਹੋਏ, ਪਰਮੇਸ਼ੁਰ ਨੇ ਇਸ ਗੱਲ ਦੀ ਘੋਸ਼ਣਾ ਕੀਤੀ ਕਿ ਅੱਯੂਬ "ਖਰਾ ਅਤੇ ਨੇਕ" (1:8; 2:3)। ਅੱਯੂਬ ਦਾ **ਧਰਮ** (מִשְׁפָּט,*ਮਿਸ਼ਪਟ)* ਉਸ ਦੇ ਮੁਕੱਦਮੇ ਦੇ "ਨਿਆਉਂ", ਉਸ ਦੀਆਂ ਦਲੀਲਾਂ ਦੀ ਵੈਧਤਾ ਅਤੇ ਸੱਚਾਈ ਦਾ ਹਵਾਲਾ ਦਿੰਦਾ ਹੈ (9:19; 13:18; 19:7; 23:4; 27:2)।

**ਭਾਵੇਂ ਮੈਂ ਧਰਮ ਉੱਤੇ ਹਾਂ ਪਰ ਝੂਠਾ ਠਹਿਰਦਾ ਹਾਂ।** ਕਈ ਲੋਕ ਇਸ ਪ੍ਰਸ਼ਨ ਦਾ ਅਨੁਵਾਦ ਕਥਨ ਦੇ ਰੂਪ ਵਿਚ ਕਰਦੇ ਹਾਂ। NIV ਬਾਈਬਲ ਵਿਚ ਹੈ "ਭਾਵੇਂ ਮੈਂ ਧਰਮ ਉੱਤੇ ਹਾਂ ਪਰ ਝੂਠਾ ਠਹਿਰਦਾ ਹਾਂ।" ਅੱਯੂਬ ਦਾ ਵਿਸ਼ਵਾਸ ਸੀ ਕਿ "ਪਰਮੇਸ਼ੁਰ ਨੇ ਉਸ ਦੀ ਬੀਮਾਰੀ ਨੂੰ ਉਸ ਦੇ ਵਿਰੁੱਧ ਗਵਾਹੀ ਦੇਣ ਦੇ ਲਈ ਬਣਾਇਆ ਹੈ, ਜੋ ਉਸ ਦੇ ਨਿਰਦੋਸ਼ ਹੋਣ ਦੇ ਦਾਅਵਿਆਂ ਨਾਲੋਂ ਵਧੇਰੇ ਉੱਚੀ ਬੋਲ ਰਹੀ ਹੈ (16:8; 10:17; ਤੁਲਨਾ ਕਰੋ 19:19-21)।"[5]

**ਮੇਰਾ ਜ਼ਖ਼ਮ ਬੇਇਲਾਜਾ ਹੈ** ਅੱਯੂਬ ਦੇ ਦੁਆਰਾ ਕੀਤੇ ਗਏ ਚਿੱਤਰਣ ਦੀ ਯਾਦਗੀਰੀ ਹੈ ਕਿ ਪਰਮੇਸ਼ੁਰ ਉਸ ਤੇ ਹਮਲਾ ਕਰ ਰਿਹਾ ਹੈ (16:9-14; 19:7-12)। **ਨਿਰਅਪਰਾਧ** (פֶּשַׁע, *ਪੇਸ਼ਾ)* ਦਾ ਬਿਹਤਰ ਅਨੁਵਾਦ "ਵਿਦਰੋਹ" ਹੋਵੇਗਾ। ਅਲੀਹੂ ਨੇ ਸਹੀ ਤਰੀਕੇ ਨਾਲ ਅੱਯੂਬ ਨੂੰ ਦਰਸਾਇਆ, ਜਦ ਕਿ ਅੱਯੂਬ ਨੇ ਇਹ ਸਟੀਕ ਸ਼ਬਦ ਨਹੀਂ ਬੋਲੇ ਸਨ।

**ਆਇਤਾਂ 7, 8. ਅੱਯੂਬ ਵਰਗਾ ਮਰਦ ਕੌਣ ਹੈਗਾ, ਜਿਹੜਾ ਠੱਠਿਆਂ ਨੂੰ ਪਾਣੀ ਵਾਂਙੁ ਪੀਂਦਾ ਹੈ?** ਇਹ ਹੁਣ ਤੱਕ ਦਾ ਸਭ ਤੋਂ ਸਖ਼ਤ ਦੋਸ਼ ਹੈ ਜੋ ਅਲੀਹੂ ਨੇ ਲਗਾਇਆ ਹੈ। "ਠੱਠਿਆਂ" (לַעַג, *ਲਾਅਗ)* "ਮਖ਼ੌਲ" ਨੂੰ ਦਰਸਾਉਂਦਾ ਹੈ ਅਤੇ ਪਰਮੇਸ਼ੁਰ ਦਾ ਮਖ਼ੌਲ ਉਡਾਉਣਾ ਕੁਫ਼ਰ ਬਕਣ ਦੇ ਸਮਾਨ ਹੈ।[6] ਇਕ ਪਹਿਲੀ ਗੱਲਬਾਤ ਵਿਚ, ਅਲੀਫ਼ਜ਼ ਨੇ ਅੱਯੂਬ ਤੇ "ਪਾਣੀ ਵਾਂਙੁ

ਬੁਰਿਆਈ ਪੀਣ" ਦਾ ਦੋਸ਼ ਲਾਇਆ ਸੀ (15:16)। ਮੌਜੂਦਾ ਸੰਦਰਭ ਵਿਚ, ਅਲੀਹੂ ਅਸਲ ਵਿਚ ਅੱਯੂਬ ਦੇ ਉੱਤੇ ਧਾਰਮਿਕ ਅਤੇ ਨੈਤਿਕ ਸਚਿਆਈਆਂ ਨੂੰ ਨਿੰਦਣ ਦਾ ਦੋਸ਼ ਲਾ ਰਿਹਾ ਹੈ ਜੋ ਉਸ ਨੂੰ ਅਤੇ ਤਿੰਨਾਂ ਮਿੱਤਰਾਂ ਨੂੰ ਪਿਆਰੇ ਸਨ।

**ਅਤੇ ਕੁਕਰਮੀਆਂ ਦੀ ਸੰਗਤ ਵਿੱਚ ਚੱਲਦਾ, ਅਤੇ ਦੁਸ਼ਟ ਮਨੁੱਖਾਂ ਨਾਲ ਫਿਰਦਾ ਹੈ?** ਅਲੀਹੂ ਦੇ ਦੋਸ਼ ਦਾ ਕਾਰਣ ਇਹ ਹੈ ਕਿ ਅੱਯੂਬ ਨੇ ਬੁਰੇ ਲੋਕਾਂ ਦੇ ਨਾਲ ਸਾਂਝੇ ਉਦੇਸ਼ ਵਿਚ ਪ੍ਰਵੇਸ਼ ਕੀਤਾ ਸੀ। ਜ਼ਬੂਰ ਲਿਖਣ ਵਾਲੇ ਨੇ ਅਜਿਹੀਆਂ ਸੰਗਤੀਆਂ ਦੇ ਵਿਰੁੱਧ ਚੇਤਾਵਨੀ ਦਿੱਤੀ ਹੈ:

> ਧੰਨ ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ, ਨਾ ਪਾਪੀਆਂ ਦੇ ਰਾਹ ਵਿੱਚ ਖੜਾ ਰਹਿੰਦਾ, ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ। ਪਰ ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ, ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ। ਉਹ ਤਾਂ ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ, ਜਿਹੜਾ ਰੁੱਤ ਸਿਰ ਆਪਣਾ ਫਲ ਦਿੰਦਾ ਹੈ, ਜਿਹ ਦੇ ਪੱਤੇ ਨਹੀਂ ਕੁਮਲਾਉਂਦੇ, ਅਤੇ ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ। ਦੁਸ਼ਟ ਅਜੇਹੇ ਨਹੀਂ ਪਰ ਓਹ ਭੋਹ ਵਰਗੇ ਹਨ, ਜਿਹ ਨੂੰ ਪੌਣ ਉਡਾ ਲੈ ਜਾਂਦੀ ਹੈ। ਏਸ ਲਈ ਦੁਸ਼ਟ ਨਿਆਉਂ ਵਿੱਚ ਖੜੇ ਨਹੀਂ ਰਹਿਣਗੇ, ਨਾ ਪਾਪੀ ਧਰਮੀਆਂ ਦੀ ਮੰਡਲੀ ਵਿੱਚ, ਕਿਉਂ ਜੋ ਯਹੋਵਾਹ ਧਰਮੀਆਂ ਦਾ ਰਾਹ ਜਾਣਦਾ ਹੈ, ਪਰ ਦੁਸ਼ਟਾਂ ਦਾ ਰਾਹ ਨਾਸ ਹੋ ਜਾਵੇਗਾ।

**ਆਇਤ 9. ਕਿਉਂ ਜੋ ਉਸ ਆਖਿਆ ਹੈ ਕਿ ਮਰਦ ਨੂੰ ਕੋਈ ਲਾਭ ਨਹੀਂ ਕਿ ਉਹ ਪਰਮੇਸ਼ੁਰ ਨਾਲ ਮਗਨ ਰਹੇ।** ਆਖਰੀ ਭਾਗ ਦਾ ਅਨੁਵਾਦ "ਜਦੋਂ ਉਹ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰਦਾ ਹੈ" (NIV) ਕੀਤਾ ਜਾ ਸਕਦਾ ਹੈ| ਇਹ ਆਇਤ ਅੱਯੂਬ ਦੇ ਸ਼ਬਦਾਂ ਦਾ ਸਹੀ ਹਵਾਲਾ ਨਹੀਂ ਹੈ, ਪਰ ਹੋ ਸਕਦਾ ਹੈ ਕਿ ਉਸ ਦੀ ਸੋਚ ਨੂੰ ਚੰਗੀ ਤਰ੍ਹਾਂ ਨਾਲ ਦਰਸਾਵੇ। 9:22-24 ਵਿਚ, ਅੱਯੂਬ ਨੇ ਕਿਹਾ ਕਿ ਬੁਰੇ ਅਤੇ ਚੰਗੇ ਦੋਵਾਂ ਉੱਤੇ ਮੁਸੀਬਤਾਂ ਪੈਂਦੀਆਂ ਰਹਿੰਦੀਆਂ ਹਨ। 21:7-13 ਵਿਚ, ਉਸ ਨੇ ਪੁਸ਼ਟੀ ਕੀਤੀ ਕਿ ਦੁਸ਼ਟ ਸੱਚਮੁੱਚ ਖੁਸ਼ਹਾਲ ਹੁੰਦੇ ਹਨ।

## "ਪਰਮੇਸ਼ੁਰ ਦੁਸ਼ਟਪੁਣਾ ਨਹੀਂ ਕਰੇਗਾ" (34:10-15)

ਅਗਲੇ ਤਿੰਨ ਪੈਰ੍ਹੇ ਪਰਮੇਸ਼ੁਰ ਦੇ ਸਨਮਾਨ ਦੀ ਰੱਖਿਆ ਕਰਦੇ ਹਨ, ਜਿਨ੍ਹਾਂ ਦਾ ਅਲੀਹੂ ਨੇ ਸੋਚਿਆ ਸੀ ਕਿ ਅੱਯੂਬ ਨੇ ਖੰਡਨ ਕੀਤਾ ਹੈ। ਰੌਬਰਟ ਐੱਲ. ਐਲਡਨ ਨੇ ਟਿੱਪਣੀ ਕੀਤੀ, "ਵੱਡੀ ਗੱਲ ਇਹ ਹੈ ਕਿ ਜੋ ਅਲੀਹੂ ਨੇ ਕਿਹਾ ਉਹ ਇਕ ਚੰਗਾ ਅਧਿਆਤਮਿਕ ਗਿਆਨ ਸੀ। ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਦੁਸ਼ਟਾਂ, ਅਪਵਿੱਤਰਾਂ ਅਤੇ ਗਰੀਬਾਂ ਤੇ ਅੱਤਿਆਚਾਰ ਕਰਨ ਵਾਲੇ ਸਾਰੇ ਹਵਾਲੇ ਅੱਯੂਬ ਉੱਤੇ ਪਰਦਾ ਪਾਉਣ ਵਾਲੇ ਨਹੀਂ ਸਨ।"[7]

**[10]ਏਸ ਲਈ ਹੇ ਬੁੱਧਵਾਨੋਂ, ਮੇਰੀ ਸੁਣੋ! ਏਹ ਪਰਮੇਸ਼ੁਰ ਤੋਂ ਦੂਰ ਹੋਵੇ ਕਿ ਉਹ ਦੁਸ਼ਟਪੁਣਾ ਕਰੇ, ਨਾਲੇ ਸਰਬ ਸ਼ਕਤੀਮਾਨ ਤੋਂ ਕਿ ਉਹ ਬੁਰਿਆਈ ਕਰੇ! [11]ਕਿਉਂ ਜੋ ਉਹ ਆਦਮੀ ਦੇ ਕੰਮਾਂ ਦੇ ਅਨੁਸਾਰ ਉਸ ਨੂੰ ਬਦਲਾ ਦੇਊਗਾ, ਅਤੇ ਹਰ ਮਨੁੱਖ ਨੂੰ ਉਸ ਦੇ ਚਾਲ ਚਲਣ ਅਨੁਸਾਰ ਫਲ ਦੁਆਊਗਾ। [12]ਏਹ ਸੱਚੀ ਗੱਲ ਹੈ ਕਿ ਨਾ ਤਾਂ ਪਰਮੇਸ਼ੁਰ ਦੁਸ਼ਟਪੁਣਾ ਕਰੂ, ਨਾ ਹੀ ਸਰਬ ਸ਼ਕਤੀਮਾਨ ਪੁੱਠੇ ਨਿਆਉਂ ਕਰੂ। [13]ਕਿਸ ਉਸ ਨੂੰ ਧਰਤੀ ਉੱਤੇ ਇਖ਼ਤਿਆਰ ਦਿੱਤਾ, ਕਿਸ ਸਾਰੇ ਜਗਤ ਉੱਤੇ ਉਸ ਨੂੰ ਠਹਿਰਾਇਆ? [14]ਜੇ ਉਹ ਆਪਣੇ ਕੋਲ ਉਸ ਦਾ**

**ਮਨ ਰੱਖ ਲਵੇ, ਜੇ ਉਹ ਆਪਣੇ ਕੋਲ ਉਸ ਦਾ ਆਤਮਾ ਤੇ ਉਸ ਦਾ ਸਾਹ ਇਕੱਠਾ ਕਰ ਲਵੇ, [15]ਤਾਂ ਸਾਰੇ ਬਸ਼ਰ ਇਕੱਠੇ ਫ਼ਨਾ ਹੋ ਜਾਣਗੇ, ਅਤੇ ਆਦਮੀ ਖ਼ਾਕ ਵਿੱਚ ਮੁੜ ਜਾਊਗਾ।**

**ਆਇਤ 10. ਏਸ ਲਈ** ਸ਼ਬਦ ਸੰਕੇਤ ਦਿੰਦਾ ਹੈ ਕਿ ਅਲੀਹੂ ਨੇ ਅੱਯੂਬ ਦੇ ਤਰਕਾਂ ਨਾਲ ਆਪਣੇ ਖੁਦ ਦੇ ਵਿਸ਼ਵਾਸਾਂ ਵਿਚ ਪਰਿਵਰਤਨ ਕੀਤਾ ਹੈ (34:5, 6, 9)। **ਹੇ ਬੁੱਧਵਾਨੋ** ਉਨ੍ਹਾਂ ਬੁੱਧਵਾਨ ਪੁਰਖਾਂ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੂੰ ਪਹਿਲਾਂ ਅਲੀਹੂ ਦੁਆਰਾ ਸੰਬੋਧਿਤ ਕੀਤਾ ਗਿਆ ਸੀ (ਵੇਖੋ ਟਿੱਪਣੀਆਂ 34:2)।

**ਏਹ ਪਰਮੇਸ਼ੁਰ ਤੋਂ ਦੂਰ ਹੋਵੇ ਕਿ ਉਹ ਦੁਸ਼ਟਪੁਣਾ ਕਰੇ, ਨਾਲੇ ਸਰਬ ਸ਼ਕਤੀਮਾਨ ਤੋਂ ਕਿ ਉਹ ਬੁਰਿਆਈ ਕਰੇ।** ਇਸ ਸਵੈ-ਪ੍ਰਗਟ ਸੱਚ ਨੂੰ ਪੁਰਾਣੇ ਨੇਮ ਦੇ ਕਈ ਪਾਤਰਾਂ ਦੁਆਰਾ ਪਰਗਟ ਕੀਤਾ ਗਿਆ ਸੀ। ਅਬਰਾਹਾਮ ਨੇ ਕਿਹਾ, "ਐਉਂ ਕਰਨਾ ਅਰਥਾਤ ਧਰਮੀ ਨੂੰ ਕੁਧਰਮੀ ਨਾਲ ਮਾਰਨਾ ਤੈਥੋਂ ਦੂਰ ਹੋਵੇ ਤਾਂ ਧਰਮੀ ਕੁਧਰਮੀ ਦੇ ਤੁੱਲ ਹੋ ਜਾਵੇਗਾ। ਇਹ ਤੈਥੋਂ ਦੂਰ ਹੋਵੇ।" (ਉਤਪਤ 18:25)। ਮੂਸਾ ਨੇ ਕਿਹਾ ਸੀ, "ਉਹ ਚਟਾਨ ਹੈ, ਉਸ ਦੀ ਕਰਨੀ ਪੂਰੀ ਹੈ, ਕਿਉਂ ਜੋ ਉਸ ਦੇ ਮਾਰਗ ਨਿਆਉਂ ਦੇ ਹਨ। ਉਹ ਸਚਿਆਈ ਦਾ ਪਰਮੇਸ਼ੁਰ ਹੈ, ਉਸ ਵਿਚ ਬੁਰਿਆਈ ਹੈ ਨਹੀਂ, ਉਹ ਧਰਮੀ ਅਤੇ ਸਚਿਆਰ ਹੈ" (ਬਿਵਸਥਾ ਸਾਰ 32:4)। ਯਹੋਸ਼ਾਫ਼ਾਟ ਨੇ ਕਿਹਾ, "ਹੁਣ ਯਹੋਵਾਹ ਦਾ ਭੈ ਤੁਹਾਡੇ ਮੰਨ ਵਿਚ ਰਹੇ ਸੋ ਸੰਭਲ ਕੇ ਕੰਮ ਕਰਨਾ ਕਿਉਂ ਜੋ ਸਾਡੇ ਪਰਮੇਸ਼ੁਰ ਯਹੋਵਾਹ ਵਿਚ ਬੇ ਨਿਆਈ ਨਹੀਂ ਅਤੇ ਨਾ ਕਿਸੇ ਦੀ ਪੱਖਵਾਦੀ ਅਤੇ ਨਾ ਹੀ ਵੱਢੀ ਚੱਲਦੀ ਹੈ" (2 ਇਤਹਾਸ 19:7)। ਬਿਲਦਦ ਨੇ ਇਹ ਸਵਾਲ ਨਕਾਰਾਤਮਕ ਤੌਰ ਤੇ ਪੁੱਛਿਆ: "ਕੀ ਪਰਮੇਸ਼ੁਰ ਨਿਆਉਂ ਨੂੰ ਵਿਗਾੜਦਾ ਹੈ?" (ਅੱਯੂਬ 8:3)। ਯਕੀਨੀ ਤੌਰ ਤੇ ਪਰਮੇਸ਼ੁਰ ਦੀ ਪੂਰਨ ਧਾਰਮਿਕਤਾ ਦਾ ਸਿਧਾਂਤ ਉਸ ਨੂੰ ਕੁਝ ਵੀ "ਗਲਤ" ਕਰਨ ਤੋਂ ਰੋਕਦਾ ਹੈ।

**ਆਇਤ 11. ਕਿਉਂ ਜੋ ਉਹ ਆਦਮੀ ਦੇ ਕੰਮਾਂ ਦੇ ਅਨੁਸਾਰ ਉਸ ਨੂੰ ਬਦਲਾ ਦੇਊਗਾ, ਅਤੇ ਹਰ ਮਨੁੱਖ ਨੂੰ ਉਸ ਦੇ ਚਾਲ ਚਲਣ ਅਨੁਸਾਰ ਫਲ ਦੁਆਊਗਾ।** ਸ਼ਬਦ "ਚਾਲ ਚਲਣ" ਇਕ ਵਿਅਕਤੀ ਦੇ ਵਿਵਹਾਰ ਜਾਂ ਜੀਵਨ ਨੂੰ ਜੀਉਣ ਦੇ ਢੰਗ ਨੂੰ ਦਰਸਾਉਂਦਾ ਹੈ। ਅਲੀਹੂ, ਮਿੱਤਰਾਂ ਦੇ ਵਾਂਗ, ਇਹ ਵਿਸ਼ਵਾਸ ਕਰਦਾ ਹੈ ਕਿ ਇਸ ਜੀਵਨ ਵਿਚ ਜੋ ਦੁੱਖ ਆਏ ਹਨ, ਉਹ ਪਰਮੇਸ਼ੁਰ ਦੇ ਨਿਆਂ ਦਾ ਪ੍ਰਤੱਖ ਪਰਿਣਾਮ ਸੀ। ਅਸਲ ਵਿਚ ਪਰਮੇਸ਼ੁਰ "ਉਹ ਹਰੇਕ ਨੂੰ ਉਹ ਦੀ ਕਰਨੀ ਮੂਜਬ ਫਲ ਦੇਵੇਗਾ" (ਮੱਤੀ 16:27; ਵੇਖੋ ਰੋਮੀਆਂ 2:6)। ਪਰ, ਸਚਿਆਈ ਇਹ ਹੈ ਕਿ ਪਾਪ ਦੇ ਸਾਰੇ ਨਤੀਜੇ ਮਨੁੱਖ ਦੇ ਜੀਵਨ ਕਾਲ ਵਿਚ ਨਹੀਂ ਮਿਲ ਜਾਂਦੇ। ਇਸ ਤੋਂ ਇਲਾਵਾ, ਇਸ ਜੀਵਨ ਵਿਚ ਚੰਗੇ ਲੋਕਾਂ ਦੇ ਨਾਲ ਵੀ ਬੁਰੀਆਂ ਚੀਜ਼ਾਂ ਹੁੰਦੀਆਂ ਹਨ ਅਤੇ ਇਹ ਨਹੀਂ ਸਮਝਣਾ ਚਾਹੀਦਾ ਕਿ ਉਹ ਵੱਡੇ ਪਾਪੀ ਹਨ।

**ਆਇਤ 12. ਏਹ ਸੱਚੀ ਗੱਲ ਹੈ ਕਿ ਨਾ ਤਾਂ ਪਰਮੇਸ਼ੁਰ ਦੁਸ਼ਟਪੁਣਾ ਕਰੂ, ਨਾ ਹੀ ਸਰਬ ਸ਼ਕਤੀਮਾਨ ਪੁੱਠੇ ਨਿਆਉਂ ਕਰੂ।** ਜੌਨ ਈ. ਹਾਰਟਲੀ ਨੇ ਸਮਝਾਇਆ, "ਇਸ ਸਿੱਖਿਆ ਦਾ ਅਰਥ ਇਹ ਹੈ ਕਿ ਮਨੁੱਖ ਜੋ ਵੀ ਬੁਰਾ ਸਹਿੰਦਾ ਹੈ ਉਹ ਉਚਿਤ ਤੌਰ ਤੇ ਉਸ ਦੇ ਯੋਗ ਹੁੰਦਾ ਹੈ। ਇਸ ਵਿਚ ਕੋਈ ਅਪਵਾਦ ਨਹੀਂ ਹੈ, ਕਿਉਂਕਿ ਪਰਮੇਸ਼ੁਰ ਕੋਈ ਗਲਤੀ ਨਹੀਂ ਕਰਦਾ।"[8] ਅਲੀਹੂ ਦੇ ਲਈ ਇਹ ਸਿਧਾਂਤ ਇੰਨਾ ਮਹੱਤਵਪੂਰਣ ਸੀ ਕਿ ਅਲੀਹੂ ਨੇ ਇਸ ਨੂੰ ਦੁਹਰਾਇਆ ਅਤੇ ਇਸ ਦੇ ਅਨੁਸਾਰ ਚੱਲਿਆ।

**ਆਇਤ 13. ਕਿਸ ਉਸ ਨੂੰ ਧਰਤੀ ਉੱਤੇ ਇਖ਼ਤਿਆਰ ਦਿੱਤਾ, ਕਿਸ ਸਾਰੇ ਜਗਤ ਉੱਤੇ ਉਸ ਨੂੰ ਠਹਿਰਾਇਆ?** ਬਿਆਨਬਾਜ਼ੀ ਦੇ ਪ੍ਰਸ਼ਨਾਂ ਦਾ ਇਸਤੇਮਾਲ ਕਰਦੇ ਹੋਏ, ਅਲੀਹੂ ਨੇ "ਸਾਰੇ ਜਗਤ ਉੱਤੇ" ਪਰਮੇਸ਼ੁਰ ਦੀ ਹਕੂਮਤ ਦੇ ਉੱਤੇ ਜ਼ੋਰ ਦਿੱਤਾ। ਦੋਵਾਂ ਪ੍ਰਸ਼ਨਾਂ ਦਾ ਸਪੱਸ਼ਟ

ਉੱਤਰ ਹੈ "ਕੋਈ ਨਹੀਂ!" ਕਿਉਂਕਿ "ਧਰਤੀ ਉੱਤੇ" ਪਰਮੇਸ਼ੁਰ ਦਾ ਅਧਿਕਾਰ ਹੈ, ਕਿਸੇ ਕੋਲ ਵੀ ਉਸ ਦੇ ਨਿਆਂਵਾਂ ਨੂੰ ਚੁਣੌਤੀ ਦੇਣ ਦਾ ਅਧਿਕਾਰ ਨਹੀਂ ਹੈ। ਪ੍ਰਭੂ ਦੇ ਦੀ ਗੱਲਬਾਤ ਵਿਚ ਇਹ ਵਿਚਾਰ ਹੋਰ ਵੀ ਵਿਕਸਤ ਹੋਇਆ (38:1-41:34)।

**ਆਇਤ 14, 15.** ਜੇਕਰ ਪਰਮੇਸ਼ੁਰ ਇਹ ਫ਼ੈਸਲਾ ਲੈ ਲਵੇ ਕਿ ਉਹ **ਉਸ ਦਾ** (ਆਪਣਾ) **ਸਾਹ** ਵਾਪਸ ਲੈ ਲਵੇ, ਤਾਂ ਮਨੁੱਖਜਾਤੀ ਮਰ ਜਾਵੇਗੀ (ਵੇਖੋ 12:10; 27:3; 33:4)। **ਸਾਰੇ ਬਸ਼ਰ ਇਕੱਠੇ ਫ਼ਨਾ ਹੋ ਜਾਣਗੇ**, ਜਿਵੇਂ ਜਲ ਪਰਲੋ ਦੇ ਸਮੇਂ ਬੁਰੇ ਲੋਕ ਨਾਸ ਹੋਏ ਸਨ (ਉਤਪਤ 7:21-23)। **ਆਦਮੀ ਖ਼ਾਕ ਵਿਚ ਮੁੜ ਜਾਊਗਾ**, ਜਿਸ ਵਿੱਚੋਂ ਉਹ ਨਿਕਲਿਆ ਸੀ (ਵੇਖੋ 7:21; 10:9; 17:16; 20:11; 21:26)। ਕਿਉਂਕਿ ਪਰਮੇਸ਼ੁਰ ਮੌਤ ਅਤੇ ਜੀਵਨ ਤੇ ਇਖ਼ਤਿਆਰ ਰੱਖਦਾ ਹੈ, ਇਸ ਲਈ ਜਦੋਂ ਇਕ ਵਿਅਕਤੀ ਪਰਮੇਸ਼ੁਰ ਨੂੰ ਚੁਣੌਤੀ ਦਿੰਦਾ ਹੈ ਤਾਂ ਉਹ ਖਤਰਨਾਕ ਜ਼ਮੀਨ ਤੇ ਪੈਰ ਧਰਦਾ ਹੈ।

## "ਪਰਮੇਸ਼ੁਰ ਪੱਖਪਾਤ ਨਹੀਂ ਕਰਦਾ" (34:16-20)

**16ਜੇ ਸਮਝ ਹੈ ਤਾਂ ਏਸ ਨੂੰ ਸੁਣ, ਅਤੇ ਆਪਣਾ ਕੰਨ ਮੇਰੀਆਂ ਗੱਲਾਂ ਦੀ ਅਵਾਜ਼ ਵੱਲ ਲਾ। 17ਕੀ ਜਿਹੜਾ ਨਿਆਉਂ ਨਾਲ ਘਿਣ ਕਰਦਾ ਹੈ ਰਾਜ ਕਰੂਗਾ? ਕੀ ਤੂੰ ਧਰਮੀ ਅਤੇ ਜੁਰਵਾਣੇ ਨੂੰ ਦੋਸ਼ੀ ਠਹਿਰਾਵੇਂਗਾ? 18ਭਲਾ, ਪਾਤਸ਼ਾਹ ਨੂੰ ਕਦੀ ਆਖੀਦਾ ਹੈ ਕਿ ਤੂੰ ਨਿਕੰਮਾ ਹੈਂ! ਯਾ ਪਤਵੰਤਾਂ ਨੂੰ ਕਿ ਤੁਸੀਂ ਦੁਸ਼ਟ ਹੋ? 19ਜਿਹੜਾ ਸਰਦਾਰਾਂ ਦੀ ਪੱਖਵਾਦੀ ਨਹੀਂ ਕਰਦਾ ਨਾ ਧਨੀ ਨੂੰ ਗ਼ਰੀਬ ਨਾਲੋਂ ਵੱਧ ਮੰਨਦਾ ਹੈ, ਕਿਉਂ ਜੋ ਓਹ ਸਾਰੇ ਦਾ ਸਾਰਾ ਉਹ ਦੇ ਹੱਥ ਦਾ ਕੰਮ ਹੈ। 20ਉਹ ਇੱਕ ਦਮ ਅੱਧੀ ਰਾਤ ਨੂੰ ਮਰ ਜਾਂਦੇ, ਲੋਕ ਹਿਲਾਏ ਜਾਂਦੇ ਤੇ ਲੰਘ ਜਾਂਦੇ ਹਨ, ਅਤੇ ਜੁਰਵਾਣੇ ਹੱਥ ਦੇ ਬਿਨਾ ਲਏ ਜਾਂਦੇ ਹਨ।**

**ਆਇਤ 16.** ਹਾਲਾਂਕਿ ਅਲੀਹੂ ਨੇ ਪਹਿਲਾਂ "ਬੁੱਧਵਾਨਾਂ" (34:2) ਅਤੇ "ਬੁੱਧਵਾਨਾਂ" (34:10) ਨੂੰ ਸੰਬੋਧਤ ਕੀਤਾ ਸੀ, ਪਰ ਇਕਵਚਨ ਪੜਨਾਂਵ **ਏਸ ਨੂੰ ਸੁਣ** ਸਾਨੂੰ ਇਹ ਗੱਲ ਦੱਸਦਾ ਹੈ ਕਿ ਉਸ ਨੇ ਆਪਣਾ ਧਿਆਨ ਇਕ ਮਨੁੱਖ ਵੱਲ ਘੁਮਾਇਆ ਸੀ। ਅਲੀਹੂ ਨੇ ਅੱਯੂਬ ਨੂੰ ਬੇਨਤੀ ਕੀਤੀ ਕਿ ਏਸ ਨੂੰ **ਸੁਣ** ਅਤੇ ਆਪਣਾ ਕੰਨ ਮੇਰੀਆਂ **ਗੱਲਾਂ** ਦੀ ਅਵਾਜ਼ ਵੱਲ ਲਾ ਤਾਂ ਕਿ ਤੈਨੂੰ **ਸਮਝ** ਪ੍ਰਾਪਤ ਹੋਵੇ।

**ਆਇਤ 17. ਕੀ ਜਿਹੜਾ ਨਿਆਉਂ ਨਾਲ ਘਿਣ ਕਰਦਾ ਹੈ ਰਾਜ ਕਰੂਗਾ? ਕੀ ਤੂੰ ਧਰਮੀ ਅਤੇ ਜੁਰਵਾਣੇ ਨੂੰ ਦੋਸ਼ੀ ਠਹਿਰਾਵੇਂਗਾ?** ਇਹ ਪ੍ਰਸ਼ਨ ਇਕ ਨਕਾਰਾਤਮਕ ਉੱਤਰ ਨੂੰ ਨਿਰਧਾਰਤ ਕਰਦੇ ਹਨ। ਅੱਯੂਬ ਨੇ ਧਰਤੀ ਉੱਤੇ ਪਰਮੇਸ਼ੁਰ ਦੇ ਨਿਆਂ ਦੇ ਵਿਖੇ ਕੁਝ ਕਠੋਰ ਗੱਲਾਂ ਕਹੀਆਂ (9:13-24)। ਉਸ ਨੇ ਆਪਣੇ ਕਠੋਰ ਦਰਦ ਅਤੇ ਮਿੱਤਰਾਂ ਦੇ ਦੁਆਰਾ ਲਗਾਏ ਗਏ ਦੋਸ਼ਾਂ ਦੇ ਕਾਰਨ ਅਜਿਹਾ ਕੀਤਾ, ਫਿਰ ਵੀ ਅੱਯੂਬ ਨੇ ਪਰਮੇਸ਼ੁਰ ਉੱਤੇ ਨਿਆਂ ਨੂੰ ਨਫ਼ਰਤ ਕਰਨ ਵਾਲੇ ਦਾ ਇਲਜ਼ਾਮ ਨਹੀਂ ਲਾਇਆ।

**ਆਇਤ 18, 19.** ਕਿਸੇ ਵੀ **ਪਾਤਸ਼ਾਹ** ਦੀ ਪਰਜਾ ਕਦੀ ਵੀ ਉਸ ਨਾਲ ਬਦਸਲੂਕੀ ਵਾਲੇ ਸਿਰਲੇਖਾਂ ਜਿਵੇਂ **ਨਿਕੰਮਾ** ਵਰਗੇ ਸ਼ਬਦਾਂ ਦੇ ਨਾਲ ਦੁਰਵਿਹਾਰ ਕਰਨ ਦੀ ਹਿੰਮਤ ਨਹੀਂ ਕਰਦੀ, ਨਾ ਹੀ ਉਸ ਦੇ **ਪਤਵੰਤਾਂ** ਨੂੰ **ਦੁਸ਼ਟ** ਕਹਿਣ ਦੀ ਹਿੰਮਤ ਕਰਦੀ ਹੈ। ਪਰ, ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ। ਉਹ ਧਨ, ਸਥਿਤੀ, ਜਾਂ ਅਹੁਦੇ ਤੋਂ ਵੱਖ ਹੋ ਕੇ ਨਿਰਪੱਖਤਾ ਨਾਲ ਨਿਆਂ ਕਰਦਾ ਹੈ (ਗਲਾਤੀਆ 2:6; ਅਫ਼ਸੀਆਂ 6:9) ਅਤੇ ਚਾਹੁੰਦਾ ਹੈ ਕਿ ਦੂਸਰੇ ਲੋਕ ਵੀ ਅਜਿਹਾ ਹੀ ਕਰਨ (ਬਿਵਸਥਾ ਸਾਰ 1:17; ਯਾਕੂਬ 2:1-9)। ਇਹ ਸੱਚ ਹੈ **ਕਿਉਂ ਜੋ ਓਹ**

**ਸਾਰੇ ਦਾ ਸਾਰਾ ਉਹ ਦੇ ਹੱਥ ਦਾ ਕੰਮ ਹੈ।**

**ਆਇਤ 20.** ਅਮੀਰ ਅਤੇ ਗਰੀਬ, ਰਾਜਕੁਮਾਰ ਅਤੇ ਪਰਜਾ, ਸ਼ਕਤੀਸ਼ਾਲੀ ਅਤੇ ਕਮਜ਼ੋਰ ਅਚਾਨਕ **ਮਰ ਜਾਂਦੇ** ਹਨ। **ਹੱਥ ਦੇ ਬਿਨਾ** ਵਾਕ ਦੀ ਵਿਆਖਿਆ TEV ਬਾਈਬਲ ਵਿਚ "ਬਿਨਾਂ ਕਿਸੇ ਜ਼ੋਰ ਤੋਂ" (ਵੇਖੋ NJB) ਨਾਲ ਕੀਤੀ ਗਈ ਹੈ। ਤੱਥ ਇਹ ਹੈ ਕਿ ਪਰਮੇਸ਼ੁਰ ਦੇ "ਹੱਥਾਂ" ਦਾ ਉਪਯੋਗ ਰਚਨਾਤਮਕ ਕੰਮਾਂ ਦੇ ਵਿਸ਼ੇ ਵਿਚ ਆਇਤ 19 ਵਿਚ ਕੀਤਾ ਗਿਆ ਹੈ। ਦੂਸਰੇ ਸੰਸਕਰਣ ਇਸ ਵਾਕ ਦਾ ਅਨੁਵਾਦ "ਮਨੁੱਖ ਦੇ ਹੱਥ ਤੋਂ ਬਿਨਾ" ਕਰਦੇ ਹਨ (ਵੇਖੋ NIV; NRSV; NJPSV; NLT)। ਇਹੋ ਜਿਹੇ ਵਾਕਾਂ ਦਾ ਇਹੀ ਅਰਥ ਵਚਨ ਵਿਚ ਕਿਤੇ ਹੋਰ ਵੀ ਹੈ (ਦਾਨੀਏਲ 2:34; 8:25)। ਇਹ ਅਨੁਵਾਦ ਦੱਸਦਾ ਹੈ ਕਿ ਜ਼ਾਲਮ ਮਨੁੱਖਾਂ ਦੀ ਸਾਖ ਤੋਂ ਬਿਨਾ ਪਰਮੇਸ਼ੁਰ ਦੇ ਸਿੱਧੇ ਨਿਆਂ ਦੇ ਦੁਆਰਾ ਲੋਕ ਮਰ ਜਾਂਦੇ ਹਨ।

## "ਪਰਮੇਸ਼ੁਰ ਸਰਬ-ਗਿਆਨੀ ਹੈ" (34:21-30)

**21ਕਿਉਂ ਜੋ ਉਸ ਦੀਆਂ ਅੱਖਾਂ ਮਨੁੱਖ ਦੇ ਮਾਰਗਾਂ ਉੱਤੇ ਹਨ, ਉਹ ਉਸ ਦੇ ਸਾਰੇ ਕਦਮਾਂ
ਨੂੰ ਵੇਖਦਾ ਹੈ। 22ਨਾ ਕੋਈ ਅਨ੍ਹੇਰ ਨਾ ਮੌਤ ਦਾ ਪਰਛਾਵਾਂ ਹੈ, ਜਿੱਥੇ ਕੁਕਰਮੀ ਲੁਕ ਜਾਣ।
23ਕਿਉਂ ਜੋ ਉਸ ਨੇ ਅਜੇ ਕਿਸੇ ਮਨੁੱਖ ਲਈ ਵੇਲਾ ਨਹੀਂ ਠਹਿਰਾਇਆ, ਭਈ ਪਰਮੇਸ਼ੁਰ ਕੋਲ
ਨਿਆਉਂ ਲਈ ਜਾਵੇ। 24ਉਹ ਜ਼ੁਰਵਾਣਿਆਂ ਦੇ ਨਾ ਮਲੂਮ ਤੌਰ ਨਾਲ ਟੋਟੇ ਟੋਟੇ ਕਰ ਦਿੰਦਾ
ਹੈ, ਅਤੇ ਉਨ੍ਹਾਂ ਦੇ ਥਾਂ ਦੂਜਿਆਂ ਨੂੰ ਖੜਾ ਕਰਦਾ ਹੈ। 25ਏਸ ਲਈ ਉਹ ਉਨ੍ਹਾਂ ਦੇ ਕੰਮਾਂ ਦਾ
ਚੇਤਾ ਰੱਖਦਾ ਹੈ, ਉਹ ਉਨ੍ਹਾਂ ਨੂੰ ਰਾਤ ਨੂੰ ਉਲੱਦ ਦਿੰਦਾ ਹੈ, ਤਾਂ ਉਹ ਭੰਨੇ ਜਾਂਦੇ ਹਨ। 26ਉਹ
ਉਨ੍ਹਾਂ ਨੂੰ ਦੁਸ਼ਟਾਂ ਵਾਂਙੁ ਮਾਰਦਾ ਹੈ, ਜਿੱਥੇ ਵੇਖਣ ਵਾਲੇ ਹੋਣ, 27ਏਸ ਲਈ ਕਿ ਓਹ ਉਹ ਦੇ
ਮਗਰ ਚੱਲਣ ਤੋਂ ਫਿਰ ਗਏ, ਅਤੇ ਉਨ੍ਹਾਂ ਨੇ ਉਸ ਦੇ ਕਿਸੇ ਰਾਹ ਦੀ ਪਰਵਾਹ ਨਹੀਂ ਕੀਤੀ,
28ਐਥੋਂ ਤੀਕ ਕਿ ਉਨ੍ਹਾਂ ਨੇ ਗ਼ਰੀਬਾਂ ਦੀ ਦੁਹਾਈ ਉਹ ਦੇ ਕੋਲ ਪੁਚਾਈ, ਸੋ ਮਸਕੀਨਾਂ ਦੀ
ਦੁਹਾਈ ਉਸ ਨੇ ਸੁਣੀ। 29ਜਦ ਉਹ ਚੈਨ ਦੇਵੇ ਤਾਂ ਕੌਣ ਉਸ ਨੂੰ ਦੋਸ਼ੀ ਠਹਿਰਾਊ? ਜਦ ਉਹ
ਆਪਣਾ ਮੂੰਹ ਲੁਕਾ ਲਵੇ ਤਾਂ ਉਸ ਨੂੰ ਕੌਣ ਵੇਖੂ? ਭਾਵੇਂ ਕੌਮ ਲਈ ਹੋਵੇ ਭਾਵੇਂ ਇੱਕ ਆਦਮੀ
ਲਈ ਹੋਵੇ, 30ਭਈ ਅਧਰਮੀ ਆਦਮੀ ਰਾਜ ਨਾ ਕਰੇ, ਨਾ ਲੋਕਾਂ ਨੂੰ ਆਪਣੇ ਜਾਲ ਵਿੱਚ
ਫਸਾਵੇ।**

**ਆਇਤ 21. ਕਿਉਂ ਜੋ ਉਸ ਦੀਆਂ ਅੱਖਾਂ ਮਨੁੱਖ ਦੇ ਮਾਰਗਾਂ ਉੱਤੇ ਹਨ, ਉਹ ਉਸ ਦੇ ਸਾਰੇ ਕਦਮਾਂ ਨੂੰ ਵੇਖਦਾ ਹੈ।** ਇਕ ਪੁਰਾਣਾ ਗੀਤ ਇਸ ਆਇਤ ਦੇ ਵਿਸ਼ੇ ਵਿਚ ਬਹੁਤ ਹੀ ਚੰਗੀ ਤਰ੍ਹਾਂ ਨਾਲ ਵਿਆਖਿਆ ਕਰਦਾ ਹੈ "ਸਭ ਕੁਝ ਵੇਖਣ ਵਾਲੀ ਅੱਖ ਤੈਨੂੰ ਵੇਖ ਰਹੀ ਹੈ।"[9] ਅੱਯੂਬ ਨੇ ਪਰਮੇਸ਼ੁਰ ਦੇ ਵਿਸ਼ੇ ਵਿਚ ਕਿਹਾ, "ਕੀ ਉਹ ਮੇਰਾ ਰਾਹ ਨਹੀਂ ਵੇਖਦਾ, ਅਤੇ ਮੇਰੇ ਸਭ ਕਦਮ ਨਹੀਂ ਗਿਣਦਾ?" (31:4)। ਇਬਰਾਨੀਆਂ ਦੇ ਲੇਖਕ ਨੇ ਪੁਸ਼ਟੀ ਕੀਤੀ ਸੀ, "ਅਤੇ ਸਰਿਸ਼ਟੀ ਦੀ ਕੋਈ ਵਸਤ ਉਸ ਤੋਂ ਲੁਕੀ ਹੋਈ ਨਹੀਂ, ਪਰ ਜਿਹ ਨੂੰ ਅਸਾਂ ਲੇਖਾ ਦੇਣਾ ਹੈ ਉਹ ਦੇ ਨੇਤਰਾਂ ਦੇ ਅੱਗੇ ਸਾਰੀਆਂ ਵਸਤਾਂ ਨੰਗੀਆਂ ਅਤੇ ਖੁਲ੍ਹੀਆਂ ਪਈਆਂ ਹਨ" (ਇਬਰਾਨੀਆਂ 4:13)। ਸੈਮੂਏਲ ਕੌਕਸ ਨੇ ਸਮਝਦਾਰੀ ਭਰਿਆ ਬਿਆਨ ਦਿੱਤਾ:

> ਮਨੁੱਖੀ ਨਿਆਈ ਚੰਗੀ ਤਰ੍ਹਾਂ ਨਾਲ ਨਿਆਂ ਕਰਨ ਦਾ ਇਰਾਦਾ ਹੋਣ ਦੇ ਬਾਵਜੂਦ ਵੀ ਗਲਤ ਨਿਆਂ ਕਰ ਸਕਦੇ ਹਨ; ਕਿਉਂਕਿ ਉਹ ਮਨੁੱਖ ਦੇ ਸਾਰੇ ਰਾਹਾਂ ਨੂੰ ਨਹੀਂ ਜਾਣਦੇ ਜਾਂ ਉਸ ਦੇ *ਸਾਰੇ* ਕਦਮਾਂ ਨੂੰ ਨਹੀਂ ਗਿਣ ਸਕਦੇ; ਅਤੇ ਜੇਕਰ ਉਹ ਆਪਣੇ ਸਾਰੇ ਕੰਮਾਂ ਤੋਂ ਜਾਣੂ ਹੋ ਵੀ ਜਾਣ, ਤਾਂ ਵੀ ਉਹ ਉਨ੍ਹਾਂ ਮਨੋਰਥਾਂ ਨੂੰ ਨਹੀਂ ਪਾ ਸਕਦੇ ਜੋ ਉਨ੍ਹਾਂ ਨੂੰ ਪ੍ਰੇਰਿਤ ਕਰਦੇ ਹਨ ਅਤੇ

ਉਨ੍ਹਾਂ ਨੂੰ ਉਨ੍ਹਾਂ ਦਾ ਨੈਤਿਕ ਰੰਗ ਅਤੇ ਮਹੱਤਵ ਦਿੱਤਾ ਸੀ। ਨਿਰਪੱਖ ਫੈਸਲੇ ਅੰਸ਼ਕ ਗਿਆਨ ਦੇ ਅੱਗੇ ਵੱਧਣ ਦੀ ਸੰਭਾਵਨਾ ਨਹੀਂ ਹੁੰਦੀ ਹੈ। ਪਰ ਮਨੁੱਖਾਂ ਦੇ ਸਰਬੋਤਮ ਸ਼ਾਸਕ ਦਾ ਗਿਆਨ ਅਧੂਰਾ ਨਹੀਂ ਹੈ; ਉਹ ਸਰਵ-ਵਿਆਪਕ ਹੈ ਅਤੇ ਉਸ ਦੀ ਸਰਵ-ਵਿਆਪਕਤਾ ਉਸ ਦੀ ਨਿਰਪੱਖਤਾ ਦੀ ਇਕ ਨਵੀਂ ਦਲੀਲ ਅਤੇ ਗਰੰਟੀ ਹੈ।[10]

**ਆਇਤ 22.** ਕੋਈ ਵੀ ਇੰਨਾ ਹਨੇਰਾ ਸਥਾਨ ਨਹੀਂ ਹੈ ਜਿੱਥੇ ਕੁਕਰਮੀ ਲੋਕ **ਲੁਕ ਜਾਣ** ਤਾਂ ਕਿ ਪਰਮੇਸ਼ੁਰ ਉਨ੍ਹਾਂ ਨੂੰ ਵੇਖ ਨਾ ਸਕੇ। **ਅਨ੍ਹੇਰ** (חֹשֶׁךְ, *ਚੋਸ਼ੇਕ)* ਅਤੇ **ਮੌਤ ਦਾ ਪਰਛਾਵਾਂ** (צַלְמָוֶת, *ਸਾਲਮਾਵੇਥ)* ਨੂੰ ਪੁਸਤਕ ਵਿਚ ਕਿਸੇ ਹੋਰ ਸਥਾਨ ਤੇ ਜੋੜਿਆ ਗਿਆ ਹੈ (3:5; 10:21; 12:22; 28:3)।

**ਆਇਤ 23. ਕਿਉਂ ਜੋ ਉਸ ਨੇ ਅਜੇ ਕਿਸੇ ਮਨੁੱਖ ਲਈ ਵੇਲਾ ਨਹੀਂ ਠਹਿਰਾਇਆ, ਭਈ ਪਰਮੇਸ਼ੁਰ ਕੋਲ ਨਿਆਉਂ ਲਈ ਜਾਵੇ।** ਐਲਡਨ ਨੇ ਸਮਝਾਇਆ, "ਗੱਲ ਇਹ ਹੈ ਕਿ ... ਲੋਕ ਦੋਸ਼ੀ ਨਾਲੋਂ ਵੱਧ ਕੇ ਹਨ। ਇੱਥੇ ਮੁਕੱਦਮੇ ਦੀ ਕੋਈ ਲੋੜ ਨਹੀਂ ਹੈ। ਇਹ ਇਕ ਖੁੱਲ੍ਹਾ ਅਤੇ ਬੰਦ ਮਾਮਲਾ ਹੈ। ਪਰਮੇਸ਼ੁਰ ਦਾ ਜੋ ਈਸ਼ੁਰੀ ਮਨ ਬਣ ਚੁੱਕਾ ਹੈ। ਪਰਮੇਸ਼ੁਰ ਤੋਂ ਰਹਿਤ ਲੋਕ ਦੋਸ਼ੀ ਹਨ।"[11]

**ਆਇਤਾਂ 24, 25.** ਪਰਮੇਸ਼ੁਰ ਦਾ ਨਿਆਂ ਅਤੇ **ਜ਼ੁਰਵਾਣਿਆਂ** ਦੀ ਸਜ਼ਾ ਨਿਸ਼ਚਤ, ਤੇਜ ਅਤੇ ਪੂਰਣ ਹੈ। ਉਹ ਚੂਰ ਚੂਰ ਹੋ ਜਾਂਦੇ ਅਤੇ **ਟੋਟੇ ਟੋਟੇ** ਕੀਤੇ ਜਾਂਦੇ ਹਨ ਅਤੇ ਫਿਰ ਉਨ੍ਹਾਂ ਦੇ ਥਾਂ **ਦੂਜਿਆਂ** ਨੂੰ ਖੜੇ ਕਰਦਾ ਹੈ। ਸਭ ਕੁਝ ਜਾਣਨ ਦੇ ਕਾਰਨ ਉਸ ਨੂੰ ਕਿਸੇ ਪੁੱਛ-ਪੜਤਾਲ ਜਾਂ ਤਫ਼ਤੀਸ਼ ਦੀ ਲੋੜ ਨਹੀਂ ਹੈ।

**ਆਇਤ 26. ਉਹ ਉਨ੍ਹਾਂ ਨੂੰ ਦੁਸ਼ਟਾਂ ਵਾਂਙੁ ਮਾਰਦਾ ਹੈ।** ਕਿਰਿਆ "ਮਾਰਦਾ" (סָפַק, *ਸਾਪਕ)* ਦਾ ਅਕਸਰ "ਤਾੜੀ" (34:37) ਜਾਂ "ਚਪੇੜ" ਹੁੰਦਾ ਹੈ।[12] "ਇਕ ਜਨਤਕ ਥਾਂ ਤੇ" "ਥੱਪੜ ਮਾਰਨਾ" ਜਾਂ "ਮਾਰਨਾ" ਸ਼ਰਮਿੰਦਾ ਅਤੇ ਨਿਰਾਸ਼ ਕਰਨ ਲਈ ਹੁੰਦਾ ਹੈ (1 ਰਾਜਿਆਂ 22:24; ਮੱਤੀ 5:39; 26:67; 2 ਕੁਰਿੰਥੀਆਂ 11:20)। ਭਾਵੇਂ ਉਹ ਬੇਕਸੂਰ ਸੀ, ਅੱਯੂਬ ਦੇ ਨਾਲ ਇਸ ਤਰ੍ਹਾਂ ਨਾਲ ਵਿਹਾਰ ਕੀਤਾ ਗਿਆ ਸੀ: "ਛਿੱਬੀਆਂ ਦੇ ਕੇ ਉਨ੍ਹਾਂ ਨੇ ਮੇਰੇ ਚਪੇੜਾਂ ਮਾਰੀਆਂ" (16:10)।

**ਆਇਤ 27, 28.** ਦੁਸ਼ਟ ਲੋਕਾਂ ਦੀ ਬਦਨਾਮੀ ਅਤੇ ਸਜ਼ਾ ਉਚਿਤ ਸੀ ਕਿਉਂਕਿ ਉਨ੍ਹਾਂ ਨੇ **ਉਸ ਦੇ** [ਪਰਮੇਸ਼ੁਰ ਦੇ] **ਕਿਸੇ ਰਾਹ ਦੀ ਪਰਵਾਹ ਨਹੀਂ ਕੀਤੀ।** ਸ਼ਬਦ "ਪਰਵਾਹ" (שָׂכַל, *ਸਕਲ)* ਸਮਝ ਅਤੇ ਬੁੱਧ ਨੂੰ ਪ੍ਰਾਪਤ ਕਰਨ ਦੇ ਲਈ ਸਾਵਧਾਨੀ ਨਾਲ ਧਿਆਨ ਦੇਣ ਨੂੰ ਦਰਸਾਉਂਦਾ ਹੈ। ਕੁਕਰਮੀਆਂ ਨੂੰ ਸਿਰਫ ਇਸ ਲਈ ਸਜ਼ਾ ਦਿੱਤੀ ਗਈ ਸੀ ਕਿਉਂਕਿ ਉਨ੍ਹਾਂ ਨੇ ਕਮਜ਼ੋਰਾਂ ਤੇ ਜ਼ੁਲਮ ਕੀਤਾ ਸੀ। ਪਰਮੇਸ਼ੁਰ **ਗ਼ਰੀਬਾਂ ਦੀ ਦੁਹਾਈ** ਅਤੇ **ਮਸਕੀਨਾਂ ਦੀ ਦੁਹਾਈ** ਨੂੰ ਸੁਣਦਾ ਅਤੇ ਉਨ੍ਹਾਂ ਨੂੰ ਬਚਾਉਣ ਦੇ ਲਈ ਆ ਜਾਂਦਾ ਹੈ (ਕੂਚ 3:7; ਬਿਵਸਥਾ ਸਾਰ 15:9; 24:15; 2 ਸਮੂਏਲ 22:7)।

**ਆਇਤ 29. ਜਦ ਉਹ ਚੈਨ ਦੇਵੇ ਤਾਂ ਕੌਣ ਉਸ ਨੂੰ ਦੋਸ਼ੀ ਠਹਿਰਾਊ? ਜਦ ਉਹ ਆਪਣਾ ਮੂੰਹ ਲੁਕਾ ਲਵੇ ਤਾਂ ਉਸ ਨੂੰ ਕੌਣ ਵੇਖੂ?** ਭਾਵੇਂ ਕੌਮ ਲਈ ਹੋਵੇ ਭਾਵੇਂ ਇੱਕ ਆਦਮੀ ਲਈ ਹੋਵੇ?" ਇਸ ਆਇਤ ਦਾ ਸਹੀ ਅਨੁਵਾਦ ਅਤੇ ਅਰਥ ਵਿਵਾਦਪੂਰਨ ਹੈ। ਉਦਾਹਰਣ ਦੇ ਲਈ, "ਉਹ ਚੈਨ ਦੇਵੇ" ਦੀ ਬਜਾਇ, NKJV ਬਾਈਬਲ ਕਹਿੰਦੀ ਹੈ ਕਿ "ਉਹ ਚੁੱਪ ਰਹਿੰਦਾ ਹੈ।" ਇਨ੍ਹਾਂ ਵੱਖੋ ਵੱਖਰੇ ਅਨੁਵਾਦਾਂ ਦੇ ਆਧਾਰ ਤੇ, ਰਾਉਲੀ ਨੇ ਦੋ ਮੰਨਣਯੋਗ ਵਿਆਖਿਆਵਾਂ ਦਿੱਤੀਆਂ: (1) "ਜੇ ਪਰਮੇਸ਼ੁਰ ਚੁੱਪ ਰਹਿੰਦਾ ਹੈ ... ਅਤੇ ਦੁਸ਼ਟ ਲੋਕਾਂ ਨੂੰ ਸਜ਼ਾ ਦੇਣ ਲਈ ਦਖਲ ਨਹੀਂ ਦਿੰਦਾ, ਕਿਸੇ ਨੂੰ ਵੀ ਉਸ ਦੀ ਨਿੰਦਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ"; ਜਾਂ (2) "ਜਦੋਂ

ਪਰਮੇਸ਼ੁਰ ਜ਼ਾਲਮ ਰਾਜ ਤੋਂ ਰਾਹਤ ਦਿੰਦਾ ਹੈ, ਅਨਿਆਉਂ ਲਈ ਉਸ ਦੀ ਨਿੰਦਾ ਨਹੀਂ ਕੀਤੀ ਜਾਣੀ ਹੈ।"[13]

ਅੱਯੂਬ ਨੇ ਪਰਮੇਸ਼ੁਰ ਨੂੰ ਪੁੱਛਿਆ ਸੀ, "ਤੂੰ ਕਿਉਂ ਆਪਣਾ ਮੂੰਹ ਲੁਕਾਉਂਦਾ ਹੈਂ, ਅਤੇ ਮੈਨੂੰ ਆਪਣਾ ਵੈਰੀ ਗਿਣਦਾ ਹੈਂ?" (13:24)। ਉਹ ਸੱਚਮੁੱਚ ਪਰਮੇਸ਼ੁਰ ਨੂੰ ਮਿਲਣਾ ਚਾਹੁੰਦਾ ਸੀ, ਪਰ ਹਰ ਦਿਸ਼ਾ ਵਿਚ ਭਾਲ ਕਰਨ ਤੋਂ ਬਾਅਦ ਉਹ "ਉਸ ਨੂੰ ਵੇਖਣ" ਵਿਚ ਅਸਮਰੱਥ ਸੀ (23:8, 9)। ਅੱਯੂਬ ਨੇ ਇਹ ਪ੍ਰਸ਼ਨ ਵੀ ਕੀਤਾ ਸੀ ਕਿ ਪਰਮੇਸ਼ੁਰ ਕੰਗਾਲਾਂ ਅਤੇ ਮਸਕੀਨਾਂ ਦੀਆਂ ਦੁਹਾਈਆਂ ਦਾ ਕਿਉਂ ਜਵਾਬ ਨਹੀਂ ਦਿੰਦਾ ਸੀ (24:1-12)।

**ਆਇਤ 30. ਭਈ ਅਧਰਮੀ ਆਦਮੀ ਰਾਜ ਨਾ ਕਰੇ, ਨਾ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਵੇ।** ਜੇਕਰ ਅਜਿਹੇ "ਅਧਰਮੀ ਆਦਮੀਆਂ" ਨੂੰ ਲੰਮੇ ਸਮੇਂ ਲਈ ਰਾਜ ਕਰਨ ਦਿੱਤਾ ਜਾਂਦਾ, ਤਾਂ ਉਨ੍ਹਾਂ ਨੇ ਆਪਣੀ ਪਰਜਾ ਦੇ ਲਈ "ਜਾਲ" ਬਣ ਜਾਣਾ ਸੀ। "ਜਾਲ" (מוֹקֵשׁ, *ਮੋਕੇਸ਼)* ਸ਼ਬਦ "ਦਾਣੇ" ਜਾਂ "ਚੋਗੇ" ਦਾ ਹਵਾਲਾ ਦੇ ਸਕਦਾ ਹੈ ਜੋ ਪੰਛੀਆਂ ਨੂੰ ਫਸਾਉਣ ਲਈ ਇਕ ਜਾਲ ਵਿਚ ਰੱਖਿਆ ਜਾਂਦਾ ਹੈ: ਇੱਥੇ ਇਹ ਸ਼ਬਦ ਲਾਖਣਿਕ ਤੌਰ ਤੇ ਉਨ੍ਹਾਂ ਲਈ ਵਰਤਿਆ ਗਿਆ ਹੈ ਜਿਹੜੇ "ਲੋਕਾਂ" ਦੇ ਪਤਨ ਦਾ ਕਾਰਣ ਬਣ ਸਕਦੇ ਹਨ।[14]

## "ਅੱਯੂਬ ਆਪਣੇ ਪਾਪ ਵਿਚ ਬਗਾਵਤ ਨੂੰ ਜੋੜਦਾ ਹੈ" (34:31-37)

**[31]ਭਲਾ, ਕਦੀ ਕਿਸੇ ਨੇ ਪਰਮੇਸ਼ੁਰ ਨੂੰ ਆਖਿਆ, ਭਈ ਮੈਂ ਡੰਡ ਝੱਲ ਲਿਆ ਹੈ, ਮੈਂ ਫੇਰ ਬਦੀ ਨਾ ਕਰਾਂਗਾ? [32]ਜੋ ਮੈਨੂੰ ਵਿਖਾਈ ਨਹੀਂ ਦਿੰਦਾ ਉਹ ਮੈਨੂੰ ਸਿਖਾ, ਜੇ ਮੈਂ ਬੁਰਿਆਈ ਕੀਤੀ ਹੋਵੇ ਤਾਂ ਮੈਂ ਫੇਰ ਨਹੀਂ ਕਰਾਂਗਾ? [33]ਭਲਾ, ਉਹ ਤੇਰੀ ਮਨਸ਼ਾ ਅਨੁਸਾਰ ਏਸ ਲਈ ਬਦਲਾ ਦੇਊਗਾ, ਕਿ ਤੈਂ ਉਸ ਨੂੰ ਨਾ ਮਨਜ਼ੂਰ ਕੀਤਾ? ਕਿਉਂ ਜੋ ਏਸ ਦੀ ਚੋਣ ਤੈਂ ਕਰਨੀ ਹੈ ਨਾ ਕਿ ਮੈਂ, ਸੋ ਜੋ ਤੂੰ ਜਾਣਦਾ ਹੈਂ ਬੋਲ ਦੇਹ। [34]ਗਿਆਨੀ ਮੈਨੂੰ ਆਖਣਗੇ, ਅਤੇ ਬੁੱਧਵਾਨ ਮਰਦ ਮੇਰੀ ਸੁਣ ਕੇ ਕਹੇਗਾ, - [35]ਅੱਯੂਬ ਬਿਨਾ ਸਮਝ ਦੇ ਬੋਲਦਾ ਹੈ, ਅਤੇ ਉਸ ਦਾ ਬੋਲ ਗਿਆਨ ਤੋਂ ਖ਼ਾਲੀ ਹੈ। [36]ਕਾਸ਼ ਕਿ ਅੱਯੂਬ ਅੰਤ ਤੀਕ ਪਰਤਾਇਆ ਜਾਂਦਾ, ਏਸ ਲਈ ਕਿ ਉਹ ਕੁਕਰਮੀਆਂ ਵਾਂਙੁ ਮੋੜ ਕਰਦਾ ਹੈ। [37]ਉਹ ਤਾਂ ਆਪਣੇ ਪਾਪ ਉੱਤੇ ਅਪਰਾਧ ਜੋੜਦਾ ਹੈ, ਸਾਡੇ ਵਿਰੁੱਧ ਤਾਉੜੀ ਮਾਰਦਾ ਹੈ, ਅਤੇ ਪਰਮੇਸ਼ੁਰ ਦੇ ਵਿਰੁੱਧ ਆਪਣੀਆਂ ਗੱਲਾਂ ਵਧਾਈ ਜਾਂਦਾ ਹੈ।**

**ਆਇਤਾਂ 31, 32. ਡੰਡ** ਸ਼ਬਦ ਮੂਲ ਭਾਸ਼ਾ ਵਿਚ ਨਹੀਂ ਹੈ। ਪਰ, ਅਰਥ ਨੂੰ ਪੂਰਾ ਕਰਨ ਦੇ ਲਈ ਅਜਿਹਾ ਸ਼ਬਦ ਜੋੜਨਾ ਜ਼ਰੂਰੀ ਹੈ। **ਬਦੀ ਕਰਨਾ** (חָבַל, *ਚਬਲ)* "ਭਰਿਸ਼ਟ ਤਰੀਕੇ ਨਾਲ ਕੰਮ ਕਰਨਾ" ਹੈ।[15] ਅਲੀਹੂ ਅੱਯੂਬ ਨੂੰ ਉਸ "ਗਲਤ ਕੰਮ ਦਾ ਇਕਰਾਰ ਕਰਨ ਲਈ ਜਿਸ ਲਈ ਉਸ ਨੂੰ ਸੁਧਾਰਿਆ ਜਾ ਰਿਹਾ ਸੀ ਅਤੇ ਮੁੜ ਤੋਂ ਅਜਿਹਾ ਕੰਮ ਨਾ ਕਰਨ ਦਾ ਪ੍ਰਣ ਲੈਣ ਦੇ ਲਈ ਕਹਿ ਰਿਹਾ ਸੀ।"[16]

**ਆਇਤ 33. ਭਲਾ, ਉਹ ਤੇਰੀ ਮਨਸ਼ਾ ਅਨੁਸਾਰ ਏਸ ਲਈ ਬਦਲਾ ਦੇਊਗਾ, ਕਿ ਤੈਂ ਉਸ ਨੂੰ ਨਾ ਮਨਜ਼ੂਰ ਕੀਤਾ?** ਇਹ ਸਵਾਲ NIV ਬਾਈਬਲ ਵਿਚ ਹੋਰ ਵੀ ਸਪੱਸ਼ਟ ਤੌਰ ਤੇ ਦੱਸਿਆ ਗਿਆ ਹੈ: "'ਕੀ ਪਰਮੇਸ਼ੁਰ ਨੂੰ ਤੈਨੂੰ ਤੇਰੀ ਮਨਸ਼ਾ ਅਨੁਸਾਰ ਫਲ ਦੇਣਾ ਚਾਹੀਦਾ ਹੈ, ਜਦੋਂ ਤੂੰ ਤੋਬਾ ਕਰਨ ਤੋਂ ਇਨਕਾਰ ਕਰਦਾ ਹੈਂ?'" ਅਲੀਹੂ ਨੇ ਅੱਯੂਬ ਨੂੰ ਪਰਮੇਸ਼ੁਰ ਦੇ ਅਧੀਨ ਰਹਿਣ ਦੀ **ਚੋਣ ਕਰਨ** ਲਈ ਉਤਸ਼ਾਹਿਤ ਕੀਤਾ ਸੀ, ਜਿਵੇਂ ਕਿ ਅਲੀਫ਼ਜ਼ ਨੇ ਕੀਤਾ ਸੀ (22:21-30)। ਫਿਰ ਅਲੀਹੂ ਨੇ ਅੱਯੂਬ ਕੋਲੋਂ ਜਵਾਬ ਮੰਗਿਆ, ਪਰ ਉਸ ਨੇ ਕੋਈ ਜਵਾਬ ਨਾ

ਦਿੱਤਾ।

**ਆਇਤਾਂ 34, 35.** ਅੱਯੂਬ ਅਤੇ ਮਿੱਤਰਾਂ ਵਿਚਕਾਰ ਬਹਿਸ ਦਾ ਜ਼ਿਆਦਾਤਰ ਹਿੱਸਾ ਇਸ ਗੱਲ ਤੇ ਟਿਕਿਆ ਸੀ ਕਿ ਉਨ੍ਹਾਂ ਸਾਰਿਆਂ ਦੁਆਰਾ ਕੀ ਜਾਣਿਆ ਗਿਆ ਸੀ ਜਾਂ ਉਹ ਕਿਸ ਗੱਲ ਤੋਂ ਅਣਜਾਣ ਸਨ। ਜਿਵੇਂ ਕਿ *ਜਾਣ-ਪਛਾਣ* ਵਿਚ ਦੱਸਿਆ ਗਿਆ ਹੈ, ਅੱਯੂਬ ਦੀ ਪੁਸਤਕ ਨੂੰ ਸਮਝਣ ਦੀ ਕੁੰਜੀ ਉੱਥੇ ਮਿਲਣ ਵਾਲੀ ਸਮਝ ਦੀ ਧਾਰਣਾ ਤੇ ਨਿਰਭਰ ਕਰਦੀ ਹੈ। ਹੋਮਰ ਹੇਲੀ ਨੇ ਕਿਹਾ, "ਸਮਝ ਸ਼ਾਇਦ ਨਿੱਜੀ ਸਮਝ ਸੀ ਜੋ ਤਜ਼ਰਬੇ ਦੁਆਰਾ ਪ੍ਰਾਪਤ ਕੀਤੀ ਗਈ ਸੀ, ਪਰਮੇਸ਼ੁਰ ਅਤੇ ਉਸ ਦੇ ਰਾਹਾਂ ਦੀ ਸਮਝ।"[17]

**ਆਇਤਾਂ 36, 37.** ਕਿਉਂਕਿ ਅਲੀਹੂ ਨੂੰ ਅੱਯੂਬ ਦੀ ਸਮਝ ਦੀ ਘਾਟ ਦਾ ਯਕੀਨ ਸੀ, ਉਸ ਨੇ ਅੱਯੂਬ ਦੀਆਂ ਗੱਲਾਂ ਨੂੰ **ਪਰਮੇਸ਼ੁਰ ਦੇ ਵਿਰੁੱਧ ਅਪਰਾਧ** ਦੇ ਚਿੰਨ੍ਹਾਂ ਵਜੋਂ ਵੇਖਿਆ। ਉਸ ਨੇ ਅੱਯੂਬ ਉੱਤੇ ਮਖੌਲ ਕਰਨ ਦਾ ਦੋਸ਼ ਵੀ ਲਾਇਆ: **ਉਹ ਸਾਡੇ ਵਿਰੁੱਧ ਤਾਊੜੀ ਮਾਰਦਾ ਹੈ** (ਵੇਖੋ 27:23; ਵਿਰਲਾਪ 2:15)। ਇਸ ਮੁਲਾਂਕਣ ਦੇ ਮੱਦੇਨਜ਼ਰ, ਅਲੀਹੂ ਦਾ ਮੰਨਣਾ ਸੀ ਕਿ ਅੱਯੂਬ ਨੂੰ **ਅੰਤ ਤੀਕ ਪਰਤਾਇਆ ਜਾਣਾ** ਚਾਹੀਦਾ ਸੀ। ਕਿਰਿਆ "ਪਰਤਾਇਆ ਜਾਂਦਾ" בָּחַן *(ਬਚਨ)* ਤੋਂ ਹੈ, ਜਿਸ ਦਾ ਅਰਥ "ਜਾਂਚਣਾ" ਜਾਂ "ਪਰਖਣਾ" ਹੈ।[18] ਇਸ ਸੰਦਰਭ ਵਿਚ, ਇਸ ਵਿਚ ਸੰਭਵ ਤੌਰ ਤੇ ਦੁਖੀ ਹੋਣ ਦਾ ਵਿਚਾਰ ਹੈ (23:10 ਤੇ ਟਿੱਪਣੀਆਂ ਵੇਖੋ)। "ਅੰਤ ਤੀਕ ਪਰਤਾਇਆ ਜਾਂਦਾ" ਦੀ ਬਜਾਇ, NLT ਬਾਈਬਲ ਵਿਚ "ਵੱਧ ਤੋਂ ਵੱਧ ਸਜ਼ਾ ਦਾ ਹੱਕਦਾਰ" ਹੈ ਅਤੇ CEV ਬਾਈਬਲ ਕਹਿੰਦੀ ਹੈ "ਜਿੰਨਾ ਹੋ ਸਕੇ ਦੁੱਖ ਝੱਲਦਾ ਹੈ।" ਐਲਡਨ ਨੇ ਲਿਖਿਆ, "ਅਲੀਹੂ ਨੇ ਜਿਸ ਸ਼ਿਸ਼ਟਾਚਾਰ ਨਾਲ ਆਪਣੀ ਗੱਲਬਾਤ ਦੀ ਸ਼ੁਰੂਆਤ ਕੀਤੀ ਉਹ ਹੌਲੀ-ਹੌਲੀ ਖਤਮ ਹੋ ਗਿਆ ਅਤੇ ਉਹ ਬਾਕੀ ਤਿੰਨਾਂ ਵਾਂਗ ਝਗੜਾਲੂ ਅਤੇ ਨਿਰਦਈ ਬਣ ਗਿਆ।"[19]

# ਪ੍ਰਾਸੰਗਿਕਤਾ

## ਪਰਮੇਸ਼ੁਰ ਦਾ ਸੁਭਾਅ (ਅਧਿਆਇ 34)

ਇਸ ਅਧਿਆਇ ਦੇ ਅਰੰਭਕ ਅਤੇ ਅੰਤਮ ਦੋਹਾਂ ਪੈਰ੍ਹਿਆਂ ਵਿਚ, ਅਲੀਹੂ ਅੱਯੂਬ ਪ੍ਰਤੀ ਬੇਵਜ੍ਹਾ ਕਠੋਰ ਸੀ। ਅਰੰਭਕ ਪੈਰ੍ਹੇ ਵਿਚ ਉਸ ਨੇ ਪੁੱਛਿਆ, "ਅੱਯੂਬ ਵਰਗਾ ਮਰਦ ਕੌਣ ਹੈਗਾ, ਜਿਹੜਾ ਠੱਠਿਆਂ ਨੂੰ ਪਾਣੀ ਵਾਂਙੁ ਪੀਂਦਾ ਹੈ? ਅਤੇ ਕੁਕਰਮੀਆਂ ਦੀ ਸੰਗਤ ਵਿੱਚ ਚੱਲਦਾ, ਅਤੇ ਦੁਸ਼ਟ ਮਨੁੱਖਾਂ ਨਾਲ ਫਿਰਦਾ ਹੈ?" (34:7, 8)। ਅੰਤਮ ਪੈਰ੍ਹੇ ਵਿਚ, ਅਲੀਹੂ ਨੇ ਕਿਹਾ, "ਅੱਯੂਬ ਬਿਨਾ ਸਮਝ ਦੇ ਬੋਲਦਾ ਹੈ, ਅਤੇ ਉਸ ਦਾ ਬੋਲ ਗਿਆਨ ਤੋਂ ਖ਼ਾਲੀ ਹੈ। ਕਾਸ਼ ਕਿ ਅੱਯੂਬ ਅੰਤ ਤੀਕ ਪਰਤਾਇਆ ਜਾਂਦਾ, ਏਸ ਲਈ ਕਿ ਉਹ ਕੁਕਰਮੀਆਂ ਵਾਂਙੁ ਮੋੜ ਕਰਦਾ ਹੈ" (34:35)। ਸਪੱਸ਼ਟ ਹੈ ਕਿ ਅੱਯੂਬ ਕੋਈ ਵੱਡਾ ਪਾਪੀ ਨਹੀਂ ਸੀ ਜਿਵੇਂ ਕਿ ਮਿੱਤਰਾਂ ਅਤੇ ਅਲੀਹੂ ਨੇ ਉਸ ਨੂੰ ਦਰਸਾਇਆ ਸੀ। ਭਾਵੇਂ ਕਿ ਅੱਯੂਬ ਬਾਰੇ ਅਲੀਹੂ ਦੁਆਰਾ ਕਹੀਆਂ ਗਈਆਂ ਗੱਲਾਂ ਗਲਤ ਸਨ, ਪਰ ਉਸ ਨੇ ਪਰਮੇਸ਼ੁਰ ਬਾਰੇ ਜੋ ਕਿਹਾ ਉਹ ਆਮ ਤੌਰ ਤੇ ਸਹੀ ਹੈ। ਉਸ ਨੇ ਪਰਮੇਸ਼ੁਰ ਦੀਆਂ ਤਿੰਨ ਵਿਸ਼ੇਸ਼ਤਾਵਾਂ ਬਾਰੇ ਦੱਸਿਆ।

*ਪਰਮੇਸ਼ੁਰ ਧਰਮੀ ਹੈ* (34:10-15)। ਅਲੀਹੂ ਨੇ ਕਿਹਾ, "ਏਹ ਪਰਮੇਸ਼ੁਰ ਤੋਂ ਦੂਰ ਹੋਵੇ ਕਿ ਉਹ ਦੁਸ਼ਟਪੁਣਾ ਕਰੇ, ਨਾਲੇ ਸਰਬ ਸ਼ਕਤੀਮਾਨ ਤੋਂ ਕਿ ਉਹ ਬੁਰਿਆਈ ਕਰੇ" (34:10)। ਦੂਜੇ ਸ਼ਬਦਾਂ ਵਿਚ, ਪਰਮੇਸ਼ੁਰ ਆਪਣੇ ਧਰਮੀ ਸੁਭਾਅ ਅਨੁਸਾਰ ਨਿਰੰਤਰ ਕੰਮ ਕਰਦਾ ਹੈ। ਬਾਈਬਲ ਵਿਚ ਹੋਰ ਕਈਆਂ ਨੇ ਇਸੇ ਤਰ੍ਹਾਂ ਦੇ ਬਿਆਨ ਦਿੱਤੇ ਸਨ (34:10 ਤੇ ਟਿੱਪਣੀਆਂ ਵੇਖੋ)। ਉਹ ਸਮਝ ਗਏ ਕਿ ਪਰਮੇਸ਼ੁਰ ਦੀ ਪੂਰਨ ਧਾਰਮਿਕਤਾ ਉਸ ਨੂੰ ਕੋਈ ਗਲਤ ਕੰਮ ਕਰਨ ਤੋਂ ਰੋਕਦੀ ਹੈ। ਉਦਾਹਰਣ ਦੇ ਲਈ, ਕਿਉਂਕਿ ਪਰਮੇਸ਼ੁਰ ਸੱਚਾ ਪਰਮੇਸ਼ੁਰ ਹੈ, ਇਸ

ਲਈ ਉਹ ਦੇ ਲਈ ਝੂਠ ਬੋਲਣਾ ਅਸੰਭਵ ਹੈ (ਇਬਰਾਨੀਆਂ 6:18)।

ਪਰਮੇਸ਼ੁਰ ਬਾਰੇ, ਅਲੀਹੂ ਨੇ ਇਹ ਵੀ ਕਿਹਾ, "ਕਿਉਂ ਜੋ ਉਹ ਆਦਮੀ ਦੇ ਕੰਮਾਂ ਦੇ ਅਨੁਸਾਰ ਉਸ ਨੂੰ ਬਦਲਾ ਦੇਊਗਾ, ਅਤੇ ਹਰ ਮਨੁੱਖ ਨੂੰ ਉਸ ਦੇ ਚਾਲ ਚਲਣ ਅਨੁਸਾਰ ਫਲ ਦੁਆਊਗਾ" (34:11)। ਪਰਮੇਸ਼ੁਰ ਆਪਣੇ ਨਿਆਵਾਂ ਵਿਚ ਨਿਰਪੱਖ ਸੱਚਾ ਹੈ। ਅਲੀਹੂ ਅਤੇ ਮਿੱਤਰਾਂ ਦੀ ਸੋਚ ਨਾਲ ਸਮੱਸਿਆ ਇਹ ਹੈ ਕਿ ਉਨ੍ਹਾਂ ਦੇ ਸੰਦਰਭ ਦਾ ਮੂਲ ਵਿਚਾਰ ਇਹ ਜੀਵਨ ਸੀ। ਉਨ੍ਹਾਂ ਦੀ ਸੋਚ ਦੇ ਵਿਪਰੀਤ, ਇਸ ਜੀਵਨ ਵਿਚ ਸਾਰੇ ਦੁੱਖ ਝੱਲਣੇ ਨਿੱਜੀ ਪਾਪ ਦਾ ਨਤੀਜਾ ਨਹੀਂ ਹੁੰਦੇ। ਇਸ ਤੋਂ ਇਲਾਵਾ, ਬਹੁਤ ਸਾਰੇ ਦੁਸ਼ਟ ਲੋਕ ਹਨ ਜਿਨ੍ਹਾਂ ਨੂੰ ਇਸ ਜੀਵਨ ਵਿਚ ਕਦੇ ਵੀ ਉਨ੍ਹਾਂ ਦੇ ਬੁਰੇ ਕੰਮਾਂ ਲਈ ਸਜ਼ਾ ਨਹੀਂ ਦਿੱਤੀ ਜਾਂਦੀ।

ਮਸੀਹੀ ਹੋਣ ਦੇ ਨਾਤੇ, ਅਸੀਂ ਇਹ ਸਮਝਦੇ ਹਾਂ ਕਿ ਜਦੋਂ ਯਿਸੂ ਵਾਪਸ ਆਵੇਗਾ ਤਾਂ ਉਹ ਦੁਨੀਆ ਦਾ ਧਾਰਮਿਕਤਾ ਨਾਲ ਨਿਆਂ ਕਰੇਗਾ। ਪੌਲੁਸ ਨੇ ਲਿਖਿਆ, "ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ" (2 ਕੁਰਿੰਥੀਆਂ 5:10)। ਪਰਮੇਸ਼ੁਰ ਧਰਮੀ ਲੋਕਾਂ ਨੂੰ ਫਲ ਦੇਵੇਗਾ ਅਤੇ ਦੁਸ਼ਟ ਲੋਕ ਨੂੰ ਸਦੀਪਕ ਸਜ਼ਾ ਦੇਵੇਗਾ। ਕਿਉਂਕਿ "ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ" (ਰੋਮੀਆਂ 3:23), ਇਸ ਲਈ ਉਸ ਕਿਰਪਾ ਨੂੰ ਸਵੀਕਾਰ ਕਰਨਾ ਬਹੁਤ ਜ਼ਰੂਰੀ ਹੈ ਜੋ ਪਰਮੇਸ਼ੁਰ ਨੇ ਯਿਸੂ ਮਸੀਹ ਰਾਹੀਂ ਸਾਨੂੰ ਦਿੱਤੀ ਹੈ। ਯਿਸੂ ਨੇ ਸਾਡੇ ਪਾਪਾਂ ਦਾ ਪ੍ਰਾਸਚਿੱਤ ਬਣ ਕੇ ਪਰਮੇਸ਼ੁਰ ਦੇ ਧਰਮੀ ਕ੍ਰੋਧ ਨੂੰ ਸ਼ਾਂਤ ਕਰ ਦਿੱਤਾ ਹੈ (ਰੋਮੀਆਂ 3:24, 25)। ਸਲੀਬ ਉੱਤੇ ਉਸ ਦੀ ਮੌਤ ਪਰਮੇਸ਼ੁਰ ਦੀ ਧਾਰਮਿਕਤਾ ਦਾ ਇਕ ਮੁਜ਼ਾਹਰਾ ਸੀ, "ਤਾਂ ਜੋ ਉਹ [ਪਰਮੇਸ਼ੁਰ] ਆਪ ਧਰਮੀ ਰਹੇ ਅਤੇ ਨਾਲੇ ਉਹ ਨੂੰ ਧਰਮੀ ਠਹਿਰਾਵੇ ਜਿਹੜਾ ਯਿਸੂ ਉੱਤੇ ਨਿਹਚਾ ਕਰੇ" (ਰੋਮੀਆਂ 3:26)। "ਉਹ [ਪਰਮੇਸ਼ੁਰ] ਨੇ ਉਸ [ਮਸੀਹ] ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ" (2 ਕੁਰਿੰਥੀਆਂ 5:21)।

*ਪਰਮੇਸ਼ੁਰ ਪੱਖਪਾਤ ਨਹੀਂ ਕਰਦਾ* (34:16-20)। ਅਲੀਹੂ ਨੇ ਪਰਮੇਸ਼ੁਰ ਬਾਰੇ ਕਿਹਾ ਕਿ ਉਹ "ਸਰਦਾਰਾਂ ਦੀ ਪੱਖਵਾਦੀ ਨਹੀਂ ਕਰਦਾ ਨਾ ਧਨੀ ਨੂੰ ਗ਼ਰੀਬ ਨਾਲੋਂ ਵੱਧ ਮੰਨਦਾ ਹੈ, ਕਿਉਂ ਜੋ ਓਹ ਸਾਰੇ ਦਾ ਸਾਰਾ ਉਹ ਦੇ ਹੱਥ ਦਾ ਕੰਮ ਹੈ" (34:19)। ਪੌਲੁਸ ਨੇ ਵੀ ਇਹੀ ਗੱਲ ਦੁਹਰਾਈ: "ਪਰਮੇਸ਼ੁਰ ਕਿਸੇ ਮਨੁੱਖ ਦਾ ਪੱਖ ਪਾਤ ਨਹੀਂ ਕਰਦਾ ਹੈ" (ਗਲਾਤੀਆਂ 2:6) ਅਤੇ "ਉਹ ਦੀ ਦਰਗਾਹੇ ਕਿਸੇ ਦਾ ਪੱਖ ਪਾਤ ਨਹੀਂ ਹੁੰਦਾ" (ਅਫ਼ਸੀਆਂ 6:9)। ਪਰਮੇਸ਼ੁਰ ਕਿਸੇ ਦੇ ਸਮਾਜਿਕ ਰੁਤਬੇ, ਨਸਲੀ ਪਿਛੋਕੜ, ਜਾਂ ਆਰਥਿਕ ਸਥਿਤੀ ਬਾਰੇ ਚਿੰਤਿਤ ਨਹੀਂ ਹੈ। ਉਹ ਜਿਸ ਬਾਰੇ ਚਿੰਤਾ ਕਰਦਾ ਹੈ ਉਹ ਹੈ ਆਗਿਆਕਾਰੀ।

ਇਹ ਸੰਦੇਸ਼ ਪਤਰਸ ਤੱਕ ਪਹੁੰਚਾਉਣ ਲਈ ਪਰਮੇਸ਼ੁਰ ਵੱਲੋਂ ਅਤੇ ਇਕ ਰੋਮੀ ਸੂਬੇਦਾਰ ਵੱਲੋਂ ਦੂਤਾਂ ਦੇ ਇਕ ਸਮੂਹ ਨੂੰ ਇਕ ਹੈਰਾਨਕੁਨ ਦਰਸ਼ਣ ਦੀ ਲੋੜ ਪਈ। ਫਿਰ ਉਹ ਮਸੀਹ ਦੇ ਬਚਾਉਣ ਵਾਲੇ ਸੰਦੇਸ਼ ਦਾ ਪਰਚਾਰ ਕਰਨ ਦੇ ਲਈ ਕੁਰਨੇਲਿਯੁਸ ਦੇ ਘਰ ਗਿਆ ਜੋ ਕਿ ਇਕ ਗੈਰ ਯਹੂਦੀ ਸੀ। ਉਸ ਨੇ ਆਪਣੇ ਉਪਦੇਸ਼ ਦੀ ਸ਼ੁਰੂਆਤ ਇਹ ਕਹਿ ਕੇ ਕੀਤੀ, "ਮੈਂ ਸੱਚ ਮੁੱਚ ਜਾਣ ਲਿਆ ਜੋ ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ। ਸਗੋਂ ਹਰੇਕ ਕੌਮ ਵਿੱਚੋਂ ਜੋ ਕੋਈ ਉਸ ਤੋਂ ਡਰਦਾ ਅਤੇ ਧਰਮ ਦੇ ਕੰਮ ਕਰਦਾ ਹੈ ਸੋ ਉਹ ਨੂੰ ਭਾਉਂਦਾ ਹੈ" (ਰਸੂਲਾਂ ਦੇ ਕਰਤੱਬ 10:34, 35)। ਗਲਾਤੀਆਂ 3:26-29 ਵਿਚ ਪੌਲੁਸ ਨੇ ਦੱਸਿਆ,

ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤ੍ਰ ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿੱਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ। ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ ਨਾ ਅਜ਼ਾਦ, ਨਾ ਨਰ ਨਾ ਨਾਰੀ ਜੋ ਸੱਕਦਾ ਹੈ ਕਿਉਂ ਜੋ ਤੁਸੀਂ ਸੱਭੇ ਮਸੀਹ ਯਿਸੂ ਵਿੱਚ ਇੱਕੋ ਹੀ ਹੋ। ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਬਚਨ ਦੇ ਅਨੁਸਾਰ ਅਧਕਾਰੀ ਹੋ।

*ਪਰਮੇਸ਼ੁਰ ਸਰਬ-ਗਿਆਨੀ ਹੈ* (34:21-30)। ਅਲੀਹੂ ਨੇ ਕਿਹਾ, "ਕਿਉਂ ਜੋ ਉਸ ਦੀਆਂ ਅੱਖਾਂ ਮਨੁੱਖਾਂ ਦੇ ਮਾਰਗਾਂ ਉੱਤੇ ਹਨ, ਉਹ ਉਸ ਦੇ ਸਾਰੇ ਕਦਮਾਂ ਨੂੰ ਵੇਖਦਾ ਹੈ" (34:21)। ਇਹ ਵਿਚਾਰ ਕਿ ਪਰਮੇਸ਼ੁਰ ਸਰਬ-ਗਿਆਨੀ ਹੈ, ਲੋਕਾਂ ਵਿਚ ਵੱਖੋ-ਵੱਖਰੀਆਂ ਪ੍ਰਤੀਕਿਰਿਆਵਾਂ ਪੈਦਾ ਕਰ ਸਕਦਾ ਹੈ। ਇਹ ਉਨ੍ਹਾਂ ਵਿਚ ਡਰ ਪੈਦਾ ਕਰ ਸਕਦਾ ਹੈ ਜੋ ਨਿਰੰਤਰ ਉਸ ਦੇ ਵਿਰੁੱਧ ਬਗਾਵਤ ਕਰਦੇ ਹਨ। ਉਨ੍ਹਾਂ ਲਈ ਜਿਹੜੇ ਪਰਮੇਸ਼ੁਰ ਦੀ ਸੇਵਾ ਕਰਦੇ ਹਨ, ਉਸ ਦੀ ਸਰਬ-ਗਿਆਨਤਾ ਭਰੋਸਾ ਅਤੇ ਸ਼ਕਤੀ ਲਿਆ ਸਕਦੀ ਹੈ। ਬਾਅਦ ਵਿਚ ਜ਼ਬੂਰ ਲਿਖਣ ਵਾਲੇ ਨਾਲ ਵੀ ਇਸ ਤਰ੍ਹਾਂ ਹੀ ਸੀ:

ਹੇ ਯਹੋਵਾਹ, ਤੈਂ ਮੈਨੂੰ ਪਰਖ ਲਿਆ ਤੇ ਜਾਣ ਲਿਆ, ਤੂੰ ਮੇਰਾ ਬੈਠਣਾ ਉੱਠਣਾ ਜਾਣਦਾ ਹੈਂ, ਤੂੰ ਮੇਰੀ ਵਿਚਾਰ ਨੂੰ ਦੂਰ ਤੋਂ ਹੀ ਸਮਝ ਲੈਂਦਾ ਹੈਂ, ਤੂੰ ਮੇਰੇ ਚੱਲਣੇ ਤੇ ਮੇਰੇ ਲੇਟਣੇ ਦੀ ਛਾਨਬੀਨ ਕਰਦਾ ਹੈਂ, ਅਤੇ ਮੇਰੀਆਂ ਸਾਰੀਆਂ ਚਾਲਾਂ ਤੋਂ ਵਾਕਫ਼ ਹੈਂ। ਮੇਰੀ ਜੀਭ ਉੱਤੇ ਤਾਂ ਇੱਕ ਗੱਲ ਵੀ ਨਹੀਂ, - ਵੇਖ, ਹੇ ਯਹੋਵਾਹ, ਤੂੰ ਉਹ ਨੂੰ ਪੂਰੇ ਤੌਰ ਨਾਲ ਜਾਣਦਾ ਹੈਂ। ਤੈਂ ਮੈਨੂੰ ਅੱਗੋਂ ਪਿੱਛੋਂ ਘੇਰ ਰੱਖਿਆ ਹੈ, ਤੈਂ ਆਪਣਾ ਹੱਥ ਮੇਰੇ ਉੱਤੇ ਧਰਿਆ ਹੈ, - ਇਹ ਗਿਆਨ ਮੇਰੇ ਲਈ ਅਚਰਜ ਹੈ, ਉਹ ਉੱਚਾ ਹੈ, ਮੈਂ ਉਹ ਦੇ ਜੋਗ ਨਹੀਂ! (ਜ਼ਬੂਰ 139:1-6)।

ਅਲੀਹੂ ਨੇ ਅੱਗੇ ਕਿਹਾ ਕਿ ਕੋਈ ਵੀ ਪਰਮੇਸ਼ੁਰ ਤੋਂ ਲੁਕ ਨਹੀਂ ਸਕਦਾ ਹੈ (34:22)। ਇਬਰਾਨੀਆਂ ਦਾ ਲੇਖਕ ਇਸ ਨੂੰ ਇਸ ਤਰ੍ਹਾਂ ਲਿਖਦਾ ਹੈ: "ਅਤੇ ਸਰਿਸ਼ਟੀ ਦੀ ਕੋਈ ਵਸਤ ਉਸ ਤੋਂ ਲੁਕੀ ਹੋਈ ਨਹੀਂ, ਪਰ ਜਿਹ ਨੂੰ ਅਸਾਂ ਲੇਖਾ ਦੇਣਾ ਹੈ ਉਹ ਦੇ ਨੇਤਰਾਂ ਦੇ ਅੱਗੇ ਸਾਰੀਆਂ ਵਸਤਾਂ ਨੰਗੀਆਂ ਅਤੇ ਖੁਲ੍ਹੀਆਂ ਪਈਆਂ ਹਨ" (ਇਬਰਾਨੀਆਂ 4:13; NIV)। ਉਹ ਸਾਡੀ ਹਰ ਸੋਚ ਅਤੇ ਕੰਮ ਨੂੰ ਜਾਣਦਾ ਹੈ। ਉਹ ਜਾਣਦਾ ਹੈ ਕਿ ਸਾਡੇ ਦਿਲ ਸੱਚੇ ਹਨ ਜਾਂ ਨਹੀਂ ਜਾਂ ਅਸੀਂ ਸਿਰਫ ਭਾਵਨਾਵਾਂ ਵਿੱਚੋਂ ਵਹਿ ਰਹੇ ਹਾਂ। ਉਹ ਜਾਣਦਾ ਹੈ ਕਿ ਅਸੀਂ ਆਪਣਾ ਸਭ ਤੋਂ ਵਧੀਆ ਦੇ ਰਹੇ ਹਾਂ ਜਾਂ ਨਹੀਂ ਜਾਂ ਅਸੀਂ ਸਿਰਫ ਖਾਨਾ ਪੂਰਤੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਹ ਜਾਣਦਾ ਹੈ ਕਿ ਅਸੀਂ ਵਫ਼ਾਦਾਰ ਹਾਂ ਜਾਂ ਬੇਵਫ਼ਾ।

*ਸਿੱਟਾ*/ ਸਾਨੂੰ ਅੱਯੂਬ, ਉਸ ਦੇ ਮਿੱਤਰਾਂ ਅਤੇ ਅਲੀਹੂ ਦੀਆਂ ਗੱਲਾਂ ਤੋਂ ਸਿਧਾਂਤ ਸਥਾਪਤ ਕਰਨ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਪਰ, ਉਨ੍ਹਾਂ ਨੇ ਜੋ ਕਿਹਾ ਉਹ ਜ਼ਿਆਦਾਤਰ ਆਮ ਤੌਰ ਤੇ ਸੱਚ ਹੈ ਵਚਨ ਦੇ ਦੂਜੇ ਹਿੱਸਿਆਂ ਤੋਂ ਇਸ ਦੀ ਤਸਦੀਕ ਕੀਤੀ ਜਾ ਸਕਦੀ ਹੈ। ਸੱਚਮੁੱਚ ਪਰਮੇਸ਼ੁਰ ਧਰਮੀ ਹੈ, ਉਹ ਕਿਸੇ ਦਾ ਪੱਖਪਾਤ ਨਹੀਂ ਕਰਦਾ ਅਤੇ ਉਹ ਸਰਬ-ਗਿਆਨੀ ਹੈ। ਅਸੀਂ ਕਿੰਨੇ ਅਦਭੁਤ ਪਰਮੇਸ਼ੁਰ ਦੀ ਸੇਵਾ ਕਰਦੇ ਹਾਂ! ਡੀ. ਸਟੀਵਰਟ

---

ਟਿੱਪਣੀਆਂ

[1]ਐਚ. ਐਚ. ਰਾਉਲੀ, *ਅੱਯੂਬ,* ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 276. [2]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992), 624; ਅਤੇ ਰੌਬਰਟ ਐੱਲ. ਐਲਡਨ, *ਅੱਯੂਬ,* ਦ ਨਿਊ ਅਮੇਰੀਕਨ

ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 332. [3]ਰੀਬਰਨ, 624. [4]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 450. [5]ਉਸੇ ਸਥਾਨ ਤੇ, 451. [6]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 292. [7]ਐਲਡਨ, 335. [8]ਹਾਰਟਲੀ, 454. [9]ਜੇ. ਐਮ. ਹੇਨਸਨ, "ਵਾਚਿੰਗ ਯੂ," *ਸੌਂਗਸ ਆਫ਼ ਦ ਚਰਚ*, ਰਚਨਾ ਅਤੇ ਸੰਪਾਦਨ ਆਲਟਨ ਐਚ. ਹੋਵਾਰਡ (ਵੈਸਟ ਮੋਨਰੋ, ਲੂਸੀਆਨਾ: ਹੋਵਾਰਡ ਪਬਲਿਸ਼ਿੰਗ ਕੰਪਨੀ, 1977)। [10]ਸੈਮੂਏਲ ਕੌਕਸ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦੂਜਾ ਸੰਪਾਦਨ (ਲੰਡਨ: ਕੀਗਨ ਪੌਲ, ਟਰੈਂਚ ਐਂਡ ਕੰਪਨੀ, 1885), 448.

[11]ਐਲਡਨ, 338. [12]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੰਸਕਰਣ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 1:765. [13]ਰਾਊਲੀ, 283. [14]ਕੋਹਲਰ ਅਤੇ ਬਾਉਮਗਾਰਟਨਰ, 1:560. [15]ਉਸੇ ਸਥਾਨ ਤੇ, 1:285-86. [16]ਹੇਲੀ, 298. [17]ਉਸੇ ਸਥਾਨ ਤੇ, 299. [18]ਕੋਹਲਰ ਅਤੇ ਬਾਉਮਗਾਰਟਨਰ, 1:119. [19]ਐਲਡਨ, 342.